# ਲੋਕ ਬੁਝਾਰਤਾਂ

ਸੁਖਦੇਵ ਮਾਦਪੁਰੀ

www.PunjabiLibrary.com

www.PunjabiLibrary.com

Brought to you by Archive of Punjab

# ਲੋਕ ਬੁਝਾਰਤਾਂ

www.PunjabiLibrary.com

ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥
(ਸੁਖਮਨੀ ਸਾਹਿਬ- ਗੁਰੂ ਅਰਜਨ ਦੇਵ ਜੀ)

ਸੱਝ ਮੇਰਾ ਬੁਝੱਕਾ
ਤੈਨੂੰ ਬਾਂਦਰ ਲੜੇ ਕੱਕਾ

ਇਕ ਬਾਤ ਕਰਤਾਰੋ ਪਾਵੇ
ਸੁਣ ਵੇ ਭਾਈ ਹਕੀਮਾਂ
ਲੱਕੜੀਆਂ ਚੋਂ ਪਾਣੀ ਕੱਢਾਂ
ਚੁੱਕ ਬਣਾਵਾਂ ਢੀਮਾਂ

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਚਹੁੰ ਕੂੰਟਾਂ ਦੇ ਮੁੰਡੇ

# ਲੋਕ ਬੁਝਾਰਤਾਂ

ਸੁਖਦੇਵ ਮਾਦਪੁਰੀ

ਲਾਹੌਰ ਬੁੱਕ ਸ਼ਾਪ
ਲੁਧਿਆਣਾ

www.PunjabiLibrary.com

**Brought to you by Archive of Punjab**

Lok Bujhaartan

*by*

Sukhdev Madpuri
H.No. 2, St. No. 9
Smadhi Road, Khanna
Distt. Ludhiana
M. : 94630-34472

ISBN : 978-93-87765-30-6

© ਲੇਖਕ

ਪਹਿਲੀ ਵਾਰ : 1956
ਮੌਜੂਦਾ ਸੰਸਕਰਣ : 2019

ਕੀਮਤ : 175/-

ਪ੍ਰਕਾਸ਼ਕ : **ਲਾਹੌਰ ਬੁੱਕ ਸ਼ਾਪ**
2, ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ, ਫੋਨ : 0161-2740738
E-mail : info@lahorepublishers.com
www.lahorepublishers.com

Printed in India

ਛਾਪਕ : ਆਰ.ਕੇ. ਆਫ਼ਸੈੱਟ, ਦਿੱਲੀ।

**Brought to you by Archive of Punjab**

☞ ਸੁਖਦੇਵ ਮਾਦਪੁਰੀ ਰਚਿਤ ਪੰਜਾਬੀ ਲੋਕਧਾਰਾ ਦੀਆਂ ਪੁਸਤਕਾਂ:-

✵ ਲੋਕ ਗੀਤ

1. ਗਾਉਂਦਾ ਪੰਜਾਬ (1959)
2. ਖੰਡ ਮਿਸ਼ਰੀ ਦੀਆਂ ਡਲੀਆਂ (2003)
3. ਲੋਕ ਗੀਤਾਂ ਦੀ ਸਮਾਜਿਕ ਵਿਆਖਿਆ (2003)
4. ਨੈਣੀਂ ਨੀਂਦ ਨਾ ਆਵੇ (2004)
5. ਸ਼ਾਵਾ ਨੀ ਬੰਬੀਹਾ ਬੋਲੇ (2008)
6. ਬੋਲੀਆਂ ਦਾ ਪਾਵਾਂ ਬੰਗਲਾ (2009)
7. ਕੱਲਰ ਦੀਵਾ ਮੱਚਦਾ (2010)
8. ਲੋਕ ਗੀਤਾਂ ਦੀਆਂ ਕੂਲ੍ਹਾਂ, ਸ਼ਗਨਾਂ ਦੇ ਗੀਤ (2012)
9. ਮਹਿੰਦੀ ਸ਼ਗਨਾਂ ਦੀ (2015)
10. ਵਿਆਹ ਦੇ ਗੀਤ (2016)

✵ ਲੋਕ ਬੁਝਾਰਤਾਂ

1. ਲੋਕ ਬੁਝਾਰਤਾਂ (1956)
2. ਪੰਜਾਬੀ ਬੁਝਾਰਤਾਂ (1979)
3. ਪੰਜਾਬੀ ਬੁਝਾਰਤ ਕੋਸ਼ (2007)

✵ ਲੋਕ ਅਖਾਣ

1. ਲੋਕ ਸਿਆਣਪਾਂ (2007)

✵ ਲੋਕ ਕਹਾਣੀਆਂ

1. ਜ਼ਰੀ ਦਾ ਟੋਟਾ (1957)
2. ਭਾਰਤੀ ਲੋਕ ਕਹਾਣੀਆ (1991)
3. ਬਾਤਾਂ ਦੇਸ ਪੰਜਾਬ ਦੀਆਂ (2003)
4. ਦੇਸ ਪ੍ਰਦੇਸ ਦੀਆਂ ਲੋਕ ਕਹਾਣੀਆਂ (2006)

- ਲੋਕ ਗਾਥਾਵਾਂ
    1. ਨੈਣਾਂ ਦੇ ਵਣਜਾਰੇ (1962)
    2. ਪੰਜਾਬ ਦੇ ਲੋਕ ਨਾਇਕ (2005)
    3. ਜਿਨ੍ਹਾਂ ਵਣਜ ਦਿਲਾਂ ਦੇ ਕੀਤੇ (2013)
    4. ਇਸ਼ਕ ਸਿਰਾਂ ਦੀ ਬਾਜ਼ੀ (2017)
- ਮੌਖਿਕ ਬਾਲ ਲੋਕ ਸਾਹਿਤ
    1. ਫੁੱਲਾਂ ਭਰੀ ਚੰਗੇਰ (1979)
    2. ਕਿੱਕਲੀ ਕਲੀਰ ਦੀ (2008)
- ਕਿਸਾਨੀ ਲੋਕ ਸਾਹਿਤ
    1. ਮਹਿਕ ਪੰਜਾਬ ਦੀ (2004)
- ਲੋਕ ਸਭਿਆਚਾਰ
    1. ਪੰਜਾਬੀ ਸਭਿਆਚਾਰ ਦੀ ਆਰਸੀ (2006)
- ਲੋਕ ਨਾਚ
    1. ਆਓ ਨੱਚੀਏ (1995)
- ਲੋਕ ਖੇਡਾਂ
    1. ਪੰਜਾਬ ਦੀਆਂ ਲੋਕ ਖੇਡਾਂ (1975)
    2. ਪੰਜਾਬ ਦੀਆਂ ਵਿਰਾਸਤੀ ਖੇਡਾਂ (2005)
- ਅਨੁਸ਼ਠਾਨ
    1. ਪੰਜਾਬ ਦੇ ਮੇਲੇ ਅਤੇ ਤਿਉਹਾਰ (1995)
    2. ਵਿਰਾਸਤੀ ਮੇਲੇ ਤੇ ਤਿਉਹਾਰ (2013)

## ਤਤਕਰਾ


| | | |
|---|---|---|
| ♦ | ਮੁਢਲੇ ਸ਼ਬਦ : ਸੁਖਦੇਵ ਮਾਦਪੁਰੀ | 9 |
| ♦ | 'ਲੋਕ ਬੁਝਾਰਤਾਂ' ਦਾ ਸੁੰਦਰ-ਸੰਪਾਦਨ : ਹੀਰਾ ਸਿੰਘ ਦਰਦ | 11 |
| ♦ | ਮੁਖ-ਬੰਦ : ਅਜਾਇਬ ਚਿਤਰਕਾਰ | 12 |
| ♦ | ਪਰਵੇਸ਼ : ਪ੍ਰੋ. ਪਿਆਰਾ ਸਿੰਘ ਪਦਮ | 19 |
| ♦ | 'ਲੋਕ-ਬੁਝਾਰਤਾਂ' ਬਾਰੇ : ਸੁਖਦੇਵ ਮਾਦਪੁਰੀ | 34 |
| 1. | ਧਰਤੀ ਜਾਏ | 37 |
| 2. | ਅੰਬਰ ਜਾਏ | 52 |
| 3. | ਜੀਵ ਜੰਤੂ | 59 |
| 4. | ਮਨੁੱਖੀ ਸਰੀਰ ਬਾਰੇ | 70 |
| 5. | ਘਰਾਂ ਵਿਚ ਖੇਤਾਂ ਵਿਚ | 75 |
| 6. | ਸਮੇਂ ਸਮੇਂ ਸਿਰ | 98 |
| 7. | ਇਕ ਰੰਗ ਹੋਰ | 106 |
| 8. | ਕੁਝ ਹੋਰ ਬੁਝਾਰਤਾਂ | 114 |
| 9. | ਸੰਕੇਤਕਾ | 130 |
| 10. | ਅੰਤਿਕਾ - ਜੀਵਨ ਬਿਉਰਾ ਲੇਖਕ | 135 |
| 11. | ਅੰਤਿਕ - ਸਾਹਿਤਕ ਖੇਤਰ ਵਿਚ ਪ੍ਰਾਪਤ ਪੁਰਸਕਾਰ | 136 |

## ਸਮਰਪਣ

ਮੋਹਨ ਦੇ ਨਾਂ

www.PunjabiLibrary.com

# ਮੁੱਢਲੇ ਸ਼ਬਦ

'ਲੋਕ ਬੁਝਾਰਤਾਂ' ਪੰਜਾਬੀ ਲੋਕ ਸਾਹਿਤ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਹ ਆਦਿ ਮਨੁੱਖ ਦੇ ਮੁੱਢਲੇ ਮਨੋਰੰਜਨ ਦਾ ਸਾਧਨ ਹੀ ਨਹੀਂ ਰਹੀਆਂ ਬਲਕਿ ਇਹ ਉਹਨਾਂ ਦੇ ਵਸਤੂ ਗਿਆਨ ਨੂੰ ਪ੍ਰਚੰਡ ਕਰਨ ਦਾ ਵੀ ਪ੍ਰਮੁੱਖ ਸਾਧਨ ਰਹੀਆਂ ਹਨ। ਇਹਨਾਂ ਵਿੱਚ ਪੰਜਾਬ ਦਾ ਲੋਕ ਜੀਵਨ ਵਿਦਮਾਨ ਹੈ। ਇਹ ਲੋਕ ਸਾਹਿਤ ਦੇ ਮੁਢਲੇ ਰੂਪਾਂ ਵਿਚੋਂ ਪ੍ਰਮੁੱਖ ਹਨ।

'ਪੰਜਾਬੀ ਬੁਝਾਰਤਾਂ,' ਸਾਹਿਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਹਨਾਂ ਵਿੱਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸੱਭਿਆਚਾਰਕ ਤੱਤ ਸਮੋਏ ਹੋਏ ਹਨ।

ਪੰਜਾਬੀ ਦੇ ਸਿਰਮੌਰ ਤੇ ਵਿਦਵਾਨ ਪ੍ਰਕਾਸ਼ਕ ਸ. ਜੀਵਨ ਸਿੰਘ ਮਾਲਕ 'ਲਾਹੌਰ ਬੁਕ ਸ਼ਾਪ' ਲੁਧਿਆਣਾ ਨੇ ਪੰਜਾਬੀ ਬੁਝਾਰਤਾਂ ਦੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਨੂੰ ਮੁਖ ਰਖਦਿਆਂ 1956 ਵਿੱਚ ਮੈਨੂੰ ਪੰਜਾਬੀ ਬੁਝਾਰਤਾਂ ਤੇ ਖੋਜ ਕਾਰਜ ਕਰਨ ਲਈ ਪ੍ਰੇਰਿਆ। ਉਸ ਸਮੇਂ ਪੰਜਾਬੀ ਸਾਹਿਤ ਵਿੱਚ ਪੰਜਾਬੀ ਬੁਝਾਰਤਾਂ ਦੀ ਕੋਈ ਪ੍ਰਮਾਣੀਕ ਪੁਸਤਕ ਉਪਲਬਧ ਨਹੀਂ ਸੀ। ਉਹਨਾਂ ਦੀ ਪ੍ਰੇਰਨਾ ਨਾਲ 1956 ਵਿਚ ਮੈਂ "ਲੋਕ ਬੁਝਾਰਤਾਂ" ਪੁਸਤਕ ਤਿਆਰ ਕੀਤੀ ਜਿਸ ਨੂੰ ਉਹਨਾਂ ਨੇ ਬੜੀ ਰੀਝ ਨਾਲ ਪ੍ਰਕਾਸ਼ਿਤ ਕੀਤਾ। ਉਹਨਾਂ ਦੀ ਪ੍ਰੇਰਨਾ ਸਦਕਾ ਮੈਂ ਸਦਾ ਲਈ ਲੋਕ ਸਾਹਿਤ ਦੇ ਖੇਤਰ ਨਾਲ ਜੁੜ ਗਿਆ।

ਲੋਕ ਬੁਝਾਰਤਾਂ ਦੇ ਇਤਿਹਾਸਕ ਅਤੇ ਸਾਹਿਤਕ ਮਹੱਤਵ ਨੂੰ ਮੁਖ ਰਖਦਿਆਂ ਪੰਜਾਬ ਦੀਆਂ ਭਿੰਨ ਭਿੰਨ ਯੂਨੀਵਰਸਿਟੀਆਂ ਵਿਚ ਖੋਜ ਕਾਰਜ

ਹੋ ਰਹੇ ਹਨ, ਐਮ. ਫਿਲ ਤੋਂ ਇਲਾਵਾ ਪੀ.ਐਚ. ਡੀ ਦੀ ਡਿਗਰੀ ਲਈ ਖੋਜ ਹੋ ਰਹੀ ਹੈ। ਖੋਜ ਲਈ ਪ੍ਰਮਾਣੀਕ ਮੁਢਲੀ ਸਮੱਗਰੀ ਦੀ ਲੋੜ ਹੁੰਦੀ ਹੈ। "ਲੋਕ ਬੁਝਾਰਤਾਂ" ਇਸ ਵਿਸ਼ੇ ਦੀ ਪ੍ਰਮਾਣੀਕ ਪੁਸਤਕ ਹੋਣ ਕਰਕੇ ਵਿਸ਼ੇਸ਼ ਮਹੱਤਵ ਰੱਖਦੀ ਹੈ। ਲੋਕ ਸਾਹਿਤ ਦੇ ਸਨੇਹੀਆਂ ਅਤੇ ਖੋਜਾਰਥੀਆਂ ਦੀ ਵਿਸ਼ੇਸ਼ ਮੰਗ ਨੂੰ ਮੁਖ ਰਖਦਿਆਂ ਇਹ ਪੁਸਤਕ ਮੂਲ ਰੂਪ ਵਿਚ ਮੁੜ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਜਿਸ ਦੇ ਲਈ ਮੈਂ ਲਾਹੌਰ ਬੁਕ ਸ਼ਾਪ ਲੁਧਿਆਣਾ ਦੇ ਮਾਲਕ ਸ੍ਰ: ਤੇਜਿੰਦਰਬੀਰ ਸਿੰਘ ਦਾ ਦਿਲੀ ਤੌਰ 'ਤੇ ਧੰਨਵਾਦੀ ਹਾਂ। ਆਸ ਹੈ ਪੰਜਾਬੀ ਪਾਠਕ ਇਸ ਪੁਸਤਕ ਦਾ ਭਰਪੂਰ ਸੁਆਗਤ ਕਰਨਗੇ।

ਸੁਖਦੇਵ ਮਾਦਪੁਰੀ

## 'ਲੋਕ ਬੁਝਾਰਤਾਂ' ਦਾ ਸੁੰਦਰ ਸੰਪਾਦਨ

ਲੋਕ ਗੀਤ, ਲੋਕ ਕਹਾਣੀਆਂ ਤੇ ਬੁਝਾਰਤਾਂ ਸਾਹਿਤ ਅਤੇ ਸਮਾਜ ਦੇ ਆਰੰਭਕ ਵਿਕਾਸ ਦੀ ਤਸਵੀਰ ਸਾਡੀਆਂ ਅੱਖਾਂ ਸਾਹਮਣੇ ਲੈ ਆਉਂਦੀਆਂ ਹਨ।

ਨਵੇਂ ਯੁੱਗ ਦੇ ਨਵੇਂ ਸਾਹਿਤਕ ਰੂਪਾਂ ਦੀ ਚਟਕ ਮਟਕ ਨੇ ਕੁਝ ਚਿਰ ਤਾਂ ਪੁਰਾਣੇ ਆਰੰਭਕ ਸਾਹਿਤਕ ਰੂਪਾਂ ਵੱਲੋਂ ਲੋਕਾਂ ਦਾ ਧਿਆਨ ਇਸੇ ਤਰ੍ਹਾਂ ਮੋੜ ਲਿਆ ਸੀ ਜਿਵੇਂ ਸਿਨਮੇ ਨੇ ਥੀਏਟਰਾਂ ਵੱਲੋਂ। ਪਰ ਦੇਸ਼ ਨੂੰ ਆਜ਼ਾਦੀ ਮਿਲਣ ਮਗਰੋਂ ਸਾਹਿਤਕਾਰਾਂ ਤੇ ਖੋਜੀਆਂ ਨੇ ਆਪਣੇ ਇਸ ਪੁਰਾਣੇ ਵਿਰਸੇ ਤੇ ਸਾਹਿਤ ਖਜ਼ਾਨੇ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ। ਲੋਕ ਗੀਤਾਂ ਸੰਬੰਧੀ ਤਾਂ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਪਰ ਲੋਕ ਬੁਝਾਰਤਾਂ ਦੀ ਇਹ ਪਹਿਲੀ ਪੁਸਤਕ ਮੇਰੀ ਨਜ਼ਰੀਂ ਪਈ ਹੈ।

ਸੁਖਦੇਵ ਮਾਦਪੁਰੀ ਨੇ ਸੈਂਕੜੇ ਬੁਝਾਰਤਾਂ ਨੂੰ ਇਕੱਤਰ ਕਰਕੇ ਬੜੀ ਸੁੰਦਰ ਤੇ ਸੁਚੱਜੀ ਤਰਤੀਬ ਨਾਲ ਉਨ੍ਹਾਂ ਨੂੰ ਨਿਖੇੜ ਕੇ ਮਹਾਨਤਾ ਦਰਸਾਉਂਦਿਆਂ ਹੋਇਆਂ ਸੰਪਾਦਨ ਕੀਤਾ ਹੈ।

ਲੋਕ ਬੁਝਾਰਤਾਂ ਭਾਵੇਂ ਬੁੱਧੀ ਪ੍ਰਧਾਨ ਤੇ ਗੁੰਝਲਦਾਰ ਵੀ ਹੁੰਦੀਆਂ ਹਨ ਪਰ ਕਿਤਨੀਆਂ ਸੁੰਦਰ, ਮਨੋਰੰਜਕ ਤੇ ਰਸ ਭਰਪੂਰ ਹੁੰਦੀਆਂ ਹਨ, ਇਹ ਗੱਲ ਇਸ ਪੁਸਤਕ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਪਤਾ ਲੱਗ ਜਾਂਦੀ ਹੈ।

ਮੇਰੀ ਦਿਲੀ ਇੱਛਾ ਹੈ ਕਿ ਸੁਖਦੇਵ ਮਾਦਪੁਰੀ ਦਾ ਇਹ ਸ਼ੁਭ ਯਤਨ ਸਫ਼ਲ ਹੋਵੇ। ਇਸ ਭੁਲਦੇ ਜਾ ਰਹੇ ਪੁਰਾਣੇ ਆਰੰਭਕ ਸਾਹਿਤ-ਰੂਪ ਦੀ ਇਤਿਹਾਸਕ ਮਹਾਨਤਾ ਵੱਲ ਸਾਹਿਤ ਰਸੀਆਂ ਦਾ ਧਿਆਨ ਖਿੱਚਿਆ ਜਾਵੇ।

(ਆਕਾਸ਼ਬਾਣੀ ਜਲੰਧਰ ਦੇ ਧੰਨਵਾਦ ਸਹਿਤ)

ਗਿਆਨੀ ਹੀਰਾ ਸਿੰਘ ਦਰਦ

# ਮੁਖ-ਬੰਦ

(ਲੋਕ-ਕਲਾ ਤੇ ਉਸਦਾ ਵਿਸ਼ੇਸ਼ ਅੰਗ ਬੁਝਾਰਤਾਂ)

ਹਰ ਇੱਕ ਲੋਕ ਕਲਾ ਦਾ ਆਰੰਭ, ਲੋਕਾਂ ਦੇ ਸਾਂਝੇ ਗ਼ਮਾਂ, ਸਾਂਝੀਆਂ ਖ਼ੁਸ਼ੀਆਂ ਤੇ ਸਾਂਝੀਆਂ ਮਿਹਨਤਾਂ ਦੇ ਝੂਮਦੇ ਉਦਗਾਰਾਂ ਦੀ ਕੁੱਖ ਵਿੱਚੋਂ ਹੁੰਦਾ ਹੈ। ਲੋਕ-ਮਨਾਂ ਦੇ ਸਾਂਝੇ ਜਜ਼ਬੇ ਧਰਤੀ ਦੀ ਉਮਰ ਵਰਗੀ ਹੀ ਲੰਮੀ ਉਮਰ ਭੋਗਦੇ ਹਨ, ਏਨੀ ਲੰਮੀ ਉਮਰ ਕਿਸੇ ਇੱਕੇ ਦੁੱਕੇ ਮਨੁੱਖ ਜਾਂ ਕਲਾਕਾਰ ਦੇ ਨਿੱਜੀ ਜਜ਼ਬਿਆਂ ਦੀ ਨਹੀਂ ਹੋ ਸਕਦੀ। ਏਥੇ, ਇੱਕੇ ਦੁੱਕੇ ਮਨੁੱਖ ਜਾਂ ਕਲਾਕਾਰ ਤੋਂ ਮੇਰਾ ਮਤਲਬ ਉਹ ਵਿਅਕਤੀ ਹੈ, ਜੋ ਆਪਣੇ ਵੇਲੇ ਦੇ ਸਮਾਜ ਨਾਲ ਸੰਬੰਧਿਤ ਭਾਵਾਂ ਦੀ ਥਾਂ, ਸਮਾਜ ਤੇ ਲੋਕਾਂ ਨਾਲੋਂ ਟੁੱਟ ਕੇ ਕੇਵਲ ਆਪਣੀ ਨਿੱਜੀ ਕਲਪਨਾ ਤੇ ਆਧਾਰਿਤ ਭਾਵਾਂ ਦੀ ਹੀ ਆਪਣੀ ਕਲਾ ਰਾਹੀਂ ਪ੍ਰਤੀਨਿਧਤਾ ਕਰਦਾ ਹੋਵੇ, ਪਰ ਲੋਕਾਂ ਵਿਚੋਂ ਪੈਦਾ ਹੋਇਆ ਕਲਾਕਾਰ, ਆਪਣੀ ਨਿੱਜੀ ਭਾਵਨਾ ਵਿਚ ਵੀ ਆਪਣੇ ਵੇਲੇ ਦੇ ਸਮਾਜ ਦੀ ਪ੍ਰਤੀਨਿਧਤਾ ਕਰ ਜਾਂਦਾ ਹੈ ਕਿਉਂਕਿ ਉਸਦੀ ਕਲਾ ਦੇ ਸੰਸਕਾਰਾਂ ਵਿਚ ਉਸਦੇ ਦੇਸ਼ ਦੀ ਲੋਕ-ਕਲਾ ਪੂਰੇ ਤੌਰ ਤੇ ਘੁਲੀ ਮਿਲੀ ਹੁੰਦੀ ਹੈ। ਇਸ ਲਈ ਉਹ ਆਪਣੀ ਕਲਾ ਦੀ ਸਿਰਜਨਾ ਕਰਨ ਲੱਗਿਆਂ, ਸਹਿਜ ਸੁਭਾਅ ਹੀ ਲੋਕ-ਕਲਾ ਵਾਲੇ ਸਾਰੇ ਗੁਣ ਅਪਣਾ ਲੈਂਦਾ ਹੈ।

ਇਕੱਲੇ ਉਦਗਾਰ, ਆਪਣੇ ਮੂਲ ਰੂਪ ਵਿਚ ਕਲਾ ਨਹੀਂ; ਇਹਨਾਂ ਨੂੰ ਕਲਾ ਦਾ ਸੋਮਾ, ਕਲਾ ਦਾ ਆਧਾਰ ਜਾਂ ਕਲਾ ਦਾ ਭੀ ਚਾਹੇ ਕੁਝ ਵੀ ਆਖ ਲਵੋ। ਇਹ ਉਦਗਾਰ ਚਾਹੇ ਲੋਕਾਂ ਦੇ ਕਿੰਨੇ ਵੀ ਸਾਂਝੇ ਕਿਉਂ ਨਾ ਹੋਣ, ਕਲਾ ਦੀ ਪਿਉਂਦ ਤੋਂ ਬਿਨਾਂ ਕਲਾ ਦੇ ਰੂਪ ਵਿਚ ਨਹੀਂ ਬਦਲਦੇ।

ਨਿੱਜੀ ਤੇ ਸਾਂਝੇ ਉਦਗਾਰਾਂ ਵਿਚ ਬਹੁਤ ਵੱਡਾ ਫਰਕ ਹੈ, ਦੋਵੇਂ ਤਰ੍ਹਾਂ ਦੇ ਉਦਗਾਰ ਆਪਣੇ ਵਾਤਾਵਰਣ ਤੇ ਚੁਗਿਰਦੇ ਅਨੁਸਾਰ ਜਨਮ ਲੈਂਦੇ ਤੇ ਪਰਵਾਨ

ਚੜ੍ਹਦੇ ਹਨ। ਸੌੜੇ ਵਾਤਾਵਰਣ ਤੋਂ ਉਪਜੇ ਉਦਗਾਰ ਕਲਾ ਦੇ ਰੂਪ ਵਿਚ ਆ ਕੇ ਵੀ ਆਪਣੇ ਉਤੋਂ ਆਪਣੇ ਸੌੜੇ ਵਾਤਾਵਰਣ ਦੀ ਛਾਪ ਨਹੀਂ ਗੁਆਉਂਦੇ। ਇਸੇ ਤਰ੍ਹਾਂ ਵਿਸ਼ਾਲ ਚੁਗਿਰਦੇ ਦੀ ਪੈਦਾਵਾਰ ਉਦਗਾਰ, ਆਪਣੀ ਵਿਰਾਸਤ ਦਾ ਸਦਕਾ ਕਲਾ ਦੇ ਰੂਪ ਵਿਚ ਆ ਕੇ ਵੀ ਵਿਸ਼ਾਲਤਾ ਦੇ ਲਖਾਇਕ ਰਹਿੰਦੇ ਹਨ। ਇਹ ਮੰਨ ਲੈਣਾ ਅਨੁਚਿਤ ਨਹੀਂ ਕਿ ਇੱਕੇ ਦੁੱਕੇ ਆਦਮੀ ਦਾ, ਜੋ ਸਮਾਜ ਤੋਂ ਉੱਕਾ ਹੀ ਨਿਖੜ ਚੁੱਕਾ ਹੋਵੇ, ਅਨੁਭਵ ਓਨਾਂ ਵਿਸ਼ਾਲ ਨਹੀਂ ਹੋ ਸਕਦਾ ਜਿੰਨਾਂ ਕਿ ਲੋਕਾਂ ਦੇ ਸਮੂਹ ਦਾ। ਇਸੇ ਲਈ ਨਿੱਜੀ ਕਲਾਕਾਰ ਦੀ ਕਲਾ ਵਿੱਚ ਉਹ ਵਿਸ਼ਾਲਤਾ ਨਹੀਂ ਆ ਸਕਦੀ, ਜੋ ਹਰ ਲੋਕ-ਕਲਾ ਦਾ ਮੁਖੀ ਭਾਗ ਹੁੰਦੀ ਹੈ। ਪਹਿਲੀ ਪ੍ਰਕਾਰ ਦੀ ਕਲਾ ਦੇ ਉਦਗਾਰ ਤੇ ਪ੍ਰਗਟਾਅ ਇਕ ਨਿੱਜੀ ਲਾਲਸਾ ਤੇ ਯਤਨ ਦਾ ਸਿੱਟਾ ਹੁੰਦੇ ਹਨ, ਪਰ ਦੂਜੀ ਪ੍ਰਕਾਰ ਦੀ ਕਲਾ ਵਿਚਲੇ ਉਦਗਾਰ ਲੋਕਾਂ ਦੇ ਸਾਂਝੇ ਉੱਦਮਾਂ ਦਾ ਸਿੱਟਾ।

ਲੋਕ-ਕਲਾ ਆਪਣੇ ਵੇਲੇ ਦੇ ਲੋਕ-ਦਿਲਾਂ ਦੀ ਪ੍ਰਤੀਨਿਧ ਆਵਾਜ਼ ਤਾਂ ਹੁੰਦੀ ਹੀ ਹੈ, ਪਰ ਉਸ ਵਿਚੋਂ ਬੀਤੇ ਦੇ ਨਕਸ਼, ਬੀਤੇ ਦੇ ਲੋਕਾਂ ਦੀਆਂ ਮਿਹਨਤਾਂ, ਮੁਸ਼ੱਕਤਾਂ ਤੇ ਘਾਲਾਂ ਦਾ ਬੀਰਤਾ ਭਰਿਆ ਇਤਿਹਾਸ ਵੀ ਵਾਚਿਆ ਜਾ ਸਕਦਾ ਹੈ ਤੇ ਬੀਤ ਰਹੇ ਦੇ ਸੁਪਨਿਆਂ ਨੂੰ ਆਉਣ ਵਾਲੇ ਸਮੇਂ ਵਿਚ ਆਸ਼ਾਵਾਦੀ ਨਜ਼ਰ ਨਾਲ ਤੋੜ ਚੜ੍ਹਦਿਆਂ ਵੀ ਦੇਖਿਆ ਜਾ ਸਕਦਾ ਹੈ, ਜਿਸ ਦਾ ਸਦਕਾ ਲੋਕ-ਕਲਾ ਹਰ ਜੁਗ ਤੇ ਹਰ ਸਮੇਂ ਦੇ ਲੋਕਾਂ ਲਈ ਖਿੱਚ ਦਾ ਕਾਰਨ ਬਣੀ ਰਹਿੰਦੀ ਹੈ।

ਇਹ ਗੁਣ, ਲੋਕ-ਕਲਾ ਦੇ ਹਰ ਅੰਗ ਵਿਚ ਮੁਖ ਤੌਰ ਤੇ ਦੇਖੇ ਜਾ ਸਕਦੇ ਹਨ। ਲੋਕ-ਗੀਤ, ਲੋਕਾਂ ਦੀਆਂ ਦੁਸ਼ਮਣ-ਸ਼ਕਤੀਆਂ ਵਿਰੁੱਧ ਲੋਕਾਂ ਦੀਆਂ ਬਹਾਦਰੀਆਂ ਤੇ ਸੰਗਰਾਮਾਂ ਦਾ ਬੀਰਤਾ ਭਰਿਆ ਇਤਿਹਾਸ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਲੋਕ-ਗੀਤਾਂ ਦੇ ਨਾਇਕ ਆਪਣੇ ਵੇਲੇ ਦੇ ਪ੍ਰਤੀਨਿਧ ਸਮਾਜਕ ਵਿਅਕਤੀ, ਜਿਨ੍ਹਾਂ ਨੇ ਜਾਨਾਂ ਹੂਲਕੇ ਘਾਲਾਂ ਘਾਲੀਆਂ ਹੋਣ, ਹੀ ਹੋ ਸਕਦੇ ਹਨ। ਉਹਨਾਂ ਦੀਆਂ ਉਹ ਘਾਲਾਂ ਲੋਕ-ਗੀਤਾਂ ਰਾਹੀਂ ਸਦੀਆਂ ਬਾਅਦ ਵੀ ਲੋਕਾਂ ਨੂੰ ਪ੍ਰੇਰਨਾ ਦੇਣ ਦਾ ਵਸੀਲਾ ਬਣੀਆਂ ਰਹਿੰਦੀਆਂ ਹਨ। ਇਹੋ ਕਾਰਨ ਹੈ ਕਿ ਲੋਕ-ਗੀਤਾਂ ਦੇ ਨਾਇਕ ਲੋਕਾਂ ਨੂੰ ਪ੍ਰੇਰਨਾ ਦਿੰਦੇ ਤੇ ਉਹਨਾਂ 'ਚੋਂ ਨਵੇਂ ਸਮਾਜਕ ਨਾਇਕ ਪੈਦਾ ਕਰਦੇ ਰਹਿੰਦੇ ਹਨ ਤੇ ਇਹ ਸਿਲਸਿਲਾ ਹਮੇਸ਼ਾਂ ਜਾਰੀ ਰਹਿੰਦਾ ਹੈ।

ਲੋਕ-ਗੀਤਾਂ ਵਾਂਗ ਹੀ ਲੋਕ-ਕਹਾਣੀਆਂ ਲੋਕਾਂ ਤੇ ਸਮਾਜ ਲਈ ਆਪਣਾ ਕਰਤੱਵ ਪਾਲਦੀਆਂ ਹਨ। ਲੋਕ-ਕਹਾਣੀਆਂ ਦਾ ਸੁਭਾਅ ਵੀ ਤੇ ਰੂਪ ਵੀ ਲੋਕਾਂ ਵਾਂਗ ਸਰਲ ਤੇ ਸਾਦਾ-ਮੁਰਾਦਾ ਹੁੰਦਾ ਹੈ। ਇਹ ਵੀ ਲੋਕ-ਹਿੱਤਾਂ ਲਈ, ਲੋਕਾਂ ਲਈ ਦੁਸ਼ਮਣ-ਸ਼ਕਤੀਆਂ ਵਿਰੁੱਧ ਸੰਗਰਾਮ ਕਰਦੇ ਰਹਿਣ ਦੀ ਲੋਕਾਂ ਨੂੰ ਪ੍ਰੇਰਨਾ ਦਿੰਦੀਆਂ ਹਨ। ਸੱਚ ਤੇ ਨਿਆਂ ਲਈ ਇਹਨਾਂ ਦੇ ਨਾਇਕ ਸਿਰਧੜ ਦੀ ਬਾਜ਼ੀ ਲਾਕੇ, ਜ਼ੁਲਮਾਂ ਨਾਲ ਸੰਗਰਾਮ ਕਰਦੇ ਤੇ ਜ਼ੁਲਮ ਤੇ ਕਾਬੂ ਪਾਉਂਦੇ ਹਨ। ਲੋਕ ਕਹਾਣੀਆਂ ਦੇ ਨਾਇਕ, ਲੋਕ-ਗੀਤਾਂ ਨਾਲੋਂ ਵੀ ਕਿਸੇ ਹੱਦ ਤੱਕ ਵੱਧ, ਲੋਕਾਂ ਨੂੰ ਆਪਣੇ ਵਰਗੇ ਸਮਾਜਕ ਵਿਅਕਤੀ ਬਣਨ ਦੀ ਪ੍ਰੇਰਨਾ ਦਿੰਦੇ ਹਨ।

ਲੋਕ-ਕਹਾਣੀਆਂ ਦੇ ਸਾਦ-ਮੁਰਾਦੇ ਵੇਸ ਵਿੱਚ ਵੀ, ਲੋਕਾਂ ਦੇ ਸਦੀਆਂ ਤੋਂ ਕਮਾਏ ਹੋਏ ਤਜਰਬੇ, ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਲੋਕਾਂ ਅਗੇ ਉਘਾੜ ਕੇ ਪੇਸ਼ ਕਰਦੇ ਹਨ।

ਲੋਕ-ਗੀਤਾਂ ਤੇ ਲੋਕ-ਕਹਾਣੀਆਂ ਤੋਂ ਉਤਰ ਕੇ ਲੋਕ-ਕਲਾ ਦਾ ਵਿਸ਼ੇਸ਼ ਅੰਗ ਲੋਕ-ਬੁਝਾਰਤਾਂ ਹੀ ਹਨ। ਭਾਵੇਂ ਇਸ ਕਲਾ ਦੇ ਅੰਗ ਜਿਵੇਂ ਲੋਕ-ਨਾਚ, ਲੋਕ-ਸੰਗੀਤ ਤੇ ਲੋਕ-ਚਿਤਰ ਵੀ ਆਪਣੀ ਆਪਣੀ ਥਾਂ ਵਿਸ਼ੇਸ਼ਤਾ ਰੱਖਦੇ ਹਨ। ਇਹਨਾਂ ਅੰਗਾਂ ਬਾਰੇ ਵਿਚਾਰ, ਪੂਰੇ ਵਿਸਤਾਰ ਤੋਂ ਸੱਖਣੀ ਮੰਤਵ ਤੋਂ ਲਾਂਭੇ ਲੈ ਜਾਏਗੀ, ਇਸ ਲਈ ਉਸ ਤੋਂ ਸੰਕੋਚ ਕਰਦਾ ਹਾਂ।

ਲੋਕ-ਬੁਝਾਰਤਾਂ ਲੋਕ-ਸਾਹਿਤ ਦਾ ਇਕ ਵਿਸ਼ੇਸ਼ ਅੰਗ ਹੁੰਦੇ ਹੋਏ ਵੀ, ਲੋਕਾਂ ਅੱਗੇ ਕਿਤਾਬੀ ਸਾਹਿਤ ਦੇ ਰੂਪ ਵਿਚ ਘੱਟ ਹੀ ਆਈਆਂ ਹਨ। ਪਰ ਲੋਕਾਂ ਦੀ ਕੋਈ ਵੀ ਕਲਾ ਆਪਣੇ ਜੀਉਂਦੇ ਰਹਿਣ ਲਈ, ਕਿਤਾਬੀ ਜਾਂ ਕਿਸੇ ਕਿਸਮ ਦੇ ਹੋਰ ਸਾਧਨਾਂ ਦੀ ਮੁਹਤਾਜ ਨਹੀਂ ਹੁੰਦੀ। ਲੋਕ-ਸਾਹਿਤ ਦੇ ਵਿਰੋਧੀ, ਭਾਵੇਂ ਵਿਰੋਧ ਕਰਨ ਵਿਚ ਆਪਣੀ ਪੂਰੀ ਟਿੱਲ ਲਾਉਂਦੇ ਹਨ, ਪਰ ਲੋਕ-ਸਾਹਿਤ ਹਮੇਸ਼ਾਂ ਜੀਊਂਦਾ ਤੇ ਵਿਕਾਸ ਕਰਦਾ ਹੈ, ਠੀਕ ਲੋਕਾਂ ਤੇ ਲੋਕ-ਸ਼ਕਤੀ ਵਾਂਗ ਹੀ, ਜੋ ਕਿਸੇ ਵਿਰੋਧੀ ਦੀ ਈਨ ਮੰਨੇ ਬਗ਼ੈਰ, ਜੀਊਂਦੀ, ਵਧਦੀ ਤੇ ਆਪਣੇ ਵਿਕਾਸ ਦੇ ਪੜਾਅ ਪਾਰ ਕਰਦੀ ਜਾਂਦੀ ਹੈ।

ਲੋਕ-ਬੁਝਾਰਤਾਂ ਵੀ ਲੋਕ-ਸਾਹਿਤ ਦੇ ਹੋਰਾਂ ਅੰਗਾਂ ਵਾਂਗ ਸਰਲਤਾ ਤੇ ਸਾਦ-ਮੁਰਾਦੇ ਵੇਸ ਨੂੰ ਆਪਣਾ ਸ਼ਿੰਗਾਰ ਬਣਾਉਂਦੀਆਂ ਹਨ। ਇਹ ਸਾਦਗੀ ਤੇ ਸਰਲਤਾ ਇਨ੍ਹਾਂ ਦੀ ਸਾਹਿਤਕ ਵਿਸ਼ੇਸ਼ਤਾ ਨੂੰ ਵਧਾਉਂਦੀ ਹੈ, ਘਟਾਉਂਦੀ

ਨਹੀਂ। ਇਨ੍ਹਾਂ ਦਾ ਵਿਸ਼ਾ ਤੇ ਰੂਪ ਇਕ ਦੂਏ ਨਾਲ ਇਕ-ਮਿਕ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਇਕ ਦੂਏ ਤੋਂ ਨਿਖੇੜਿਆ ਨਹੀਂ ਜਾ ਸਕਦਾ। ਇਹ ਬੁੱਧੀ-ਪ੍ਰਧਾਨ ਤੇ ਗੁੰਝਲ-ਭਰਪੂਰ ਹੁੰਦਿਆਂ ਹੋਇਆਂ ਵੀ, ਜੀਵਨ ਤੇ ਚੁਗਿਰਦੇ ਨਾਲ ਇਕ ਮਿਕ ਹੋਈਆਂ ਹੁੰਦੀਆਂ ਹਨ। ਇਹਨਾਂ ਦੇ ਵਿਸ਼ੇ ਚਿੜੀਆਂ ਜਨੌਰਾਂ ਤੇ ਮਨੁੱਖਾਂ ਦੀ ਜ਼ਿੰਦਗੀ, ਜੀਵਨ ਦੇ ਚੁਗਿਰਦੇ ਤੇ ਪ੍ਰਕਿਰਤੀ ਵਿਚੋਂ ਚੁਣੇ ਜਾਂਦੇ ਹਨ। ਜ਼ਿੰਦਗੀ ਲਈ ਆਮ-ਵਰਤੋਂ ਦੀਆਂ ਚੀਜ਼ਾਂ, ਕੁਦਰਤ, ਮਨੁੱਖ ਤੇ ਪਸ਼ੂ, ਜਿਸਮ ਦੇ ਵੱਖੋ ਵੱਖ ਅੰਗ ਬੁਝਾਰਤਾਂ ਦਾ ਰੂਪ ਧਾਰਦੇ ਹਨ। ਹਰ ਸ਼੍ਰੇਣੀ ਤੇ ਹਰ ਉਮਰ ਦੇ ਲੋਕੀ ਇਹਨਾਂ ਨੂੰ ਆਪਣੀ ਬੁੱਧੀ, ਆਪਣੇ ਤਜਰਬੇ ਤੇ ਨਿਰੀਖਸ਼ਣ ਅਨੁਸਾਰ ਸਦੀਆਂ ਤੋਂ ਸਿਰਜਦੇ ਆਏ ਹਨ ਤੇ ਅਗੋਂ ਲਈ, ਵਿਗਿਆਨ ਦੀ ਉੱਨਤੀ ਸਦਕਾ, ਜੀਵਨ ਵਿਚ ਆ ਰਹੀ ਤਬਦੀਲੀ ਅਨੁਸਾਰ, ਇਹਨਾਂ ਦੀ ਸਿਰਜਣਾ ਹੁੰਦੀ ਰਹੇਗੀ। ਜੀਵਨ ਦੀ ਧਾਰਾ ਕਦੇ ਰੁਕੀ ਨਹੀਂ; ਕੋਈ ਰੋਕ ਉਸਨੂੰ ਰੋਕ ਨਹੀਂ ਸਕੀ, ਲੋਕ-ਬੁਝਾਰਤਾਂ ਦਾ ਵਿਕਾਸ ਵੀ ਕਿਸੇ ਤਰ੍ਹਾਂ ਰੁਕ ਨਹੀਂ ਸਕਦਾ।

ਲੋਕ-ਬੁਝਾਰਤਾਂ ਦੀ ਸਿਰਜਨਾ ਵਿਚ ਉਪਮਾ ਜਾਂ ਤਸ਼ਬੀਹ ਨੂੰ ਹਮੇਸ਼ਾਂ ਮੁਖੀ ਮੰਨਿਆਂ ਗਿਆ ਹੈ। ਉਪਮਾਂ ਤੋਂ ਬਿਨਾਂ ਇਹਨਾਂ ਦੀ ਸਿਰਜਨਾ ਅਸੰਭਵ ਹੀ ਹੈ। ਸਿਰਜਣਹਾਰ ਦੀ ਸੂਝ ਸਭ ਤੋਂ ਪਹਿਲਾਂ, ਇਕ ਸੁਭਾਅ ਜਾਂ ਇਕ ਰੂਪ ਵਾਲੀਆਂ ਦੋ ਚੀਜ਼ਾਂ ਦੀ ਚੋਣ ਕਰਦੀ ਹੈ ਤੇ ਫੇਰ ਉਹਨਾਂ ਵਿਚੋਂ ਇਕ ਚੀਜ਼ ਨੂੰ ਜੋ ਲੋਕਾਂ ਦੀ ਲੋੜ ਦਾ ਵਿਸ਼ੇਸ਼ ਭਾਗ ਹੁੰਦੀ ਹੈ, ਆਪਣੀ ਬੁਝਾਰਤ ਦਾ ਵਿਸ਼ਾ ਬਣਾਉਂਦੀ ਤੇ ਉਸ ਨਾਲ ਸੁਭਾਅ ਤੇ ਰੂਪ ਦੇ ਪੱਖ ਤੋਂ ਮੇਲ ਰੱਖਦੀ ਦੂਜੀ ਚੀਜ਼ ਨਾਲ ਉਸ ਨੂੰ ਉਪਮਾ ਦਿੰਦੀ ਹੈ; ਪਰ ਸੁਣਨ ਵਾਲੇ ਅੱਗੇ ਕੇਵਲ ਉਪਮਾ ਹੀ ਰਹਿੰਦੀ ਹੈ, ਮੂਲ ਚੀਜ਼ ਦਾ ਰੂਪ ਜੋ ਬੁਝਾਰਤ ਦਾ ਉੱਤਰ ਹੁੰਦਾ ਹੈ, ਸ਼ਬਦਾਂ ਵਿਚ ਲੁਕਿਆ ਰਹਿੰਦਾ ਹੈ। ਸੁਣਨ ਵਾਲੇ ਦੀ ਬੁੱਝਣ ਸ਼ਕਤੀ ਨੂੰ ਐਧਰ ਓਧਰ ਭਟਕਾਉਣਾ ਇਸਦਾ ਮਨੋਰਥ ਹੁੰਦਾ ਹੈ। ਜਿਹੜੀ ਬੁਝਾਰਤ ਇਸ ਭਟਕਣਾ ਨੂੰ ਜ਼ਿਆਦਾ ਉਤਸੁਕਤਾ ਦੇਣ ਵਿਚ ਸਫ਼ਲ ਹੁੰਦੀ ਹੈ, ਉਹੀ ਵਧੀਆ ਸਮਝੀ ਜਾਂਦੀ ਹੈ।

ਇਹ, ਢੁੱਕਵੀਂ ਪਰ ਸਾਦਾ ਉਪਮਾ ਦੇ ਸਕਣ ਦਾ ਚਮਤਕਾਰ ਕੇਵਲ ਬੁਝਾਰਤਾਂ ਦੇ ਹੀ ਹਿੱਸੇ ਵਿਚ ਆਇਆ ਹੈ। ਭਾਵੇਂ ਕਾਵਿ-ਕਲਾ ਵਿਚ ਉੱਚੀ ਤੋਂ ਉੱਚੀ ਉਪਮਾ ਦੇ ਸਕਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਪਰ ਉਪਮਾ ਦੀ ਸਾਦਗੀ ਤੇ ਅਸਚਰਜਤਾ ਭਰੀ ਰੋਚਿਕਤਾ ਲੋਕ-ਬੁਝਾਰਤਾਂ ਦੀ ਹੀ

ਵਿਸ਼ੇਸ਼ਤਾ ਹੈ। ਇਸ ਸਾਦਗੀ ਤੇ ਅਸਚਰਜਤਾ ਦੇ ਪਿੱਛੇ ਲੋਕਾਂ ਦਾ ਸਦੀਆਂ ਪੁਰਾਣਾ ਅਨੁਭਵ ਕੰਮ ਕਰਦਾ ਰਿਹਾ ਹੈ, ਜੋ ਲੋਕ-ਸੂਝ ਦੀ ਕੁਠਾਲੀ ਵਿਚ ਪੈ ਪੈ ਕੇ ਅੱਖ-ਚੁੰਧਿਆਊ ਦਮਕਾਂ ਮਾਰਨ ਦੇ ਸਮਰੱਥ ਹੋ ਸਕਿਆ ਹੈ। ਉਪਮਾ ਦੀ ਇਹ ਸਮਰੱਥਾ ਕਿਸੇ ਇਕ ਕਵੀ ਦੀ ਕਲਪਣਾ 'ਚੋਂ ਪੈਦਾ ਹੋਈ ਉਪਮਾ ਵਿਚ ਭਲਾ ਕਿੱਥੇ ? ਕਵੀ ਦੀ ਉਪਮਾ ਵਿੱਚ ਸ਼ਬਦ ਤੇ ਲੈਅ ਦਾ ਯਤਨਾਂ ਨਾਲ ਪੈਦਾ ਕੀਤਾ ਸ਼ਿੰਗਾਰ ਤਾਂ ਭਾਵੇਂ ਕਿੰਨਾ ਹੋਵੇ, ਪਰ ਲੋਕ-ਬੁਝਾਰਤਾਂ ਵਰਗੀ ਆਪ-ਮੁਹਾਰੀ ਸਾਦਗੀ ਤੇ ਅਸਚਰਜਤਾ-ਭਰੀ ਰੌਚਿਕਤਾ ਨਹੀਂ ਹੋ ਸਕਦੀ।

ਉਪਮਾਂ ਤੋਂ ਬਿਨਾਂ ਲੋਕ-ਬੁਝਾਰਤਾਂ ਦੀ ਮਹੱਤਤਾ ਉਹਨਾਂ ਦੀ ਸਮਾਜਕ ਵਿਆਪਕਤਾ ਤੋਂ ਜਾਚੀ ਜਾ ਸਕਦੀ ਹੈ। ਲੋਕ-ਗੀਤਾਂ ਤੇ ਲੋਕ-ਕਹਾਣੀਆਂ ਦੀ ਵਿਆਪਕਤਾ ਜਿਵੇਂ ਕੌਮਾਂ, ਜਾਂ ਦੇਸ਼ਾਂ ਦੀਆਂ ਵੰਡੀਆਂ ਦੀ ਮੁਹਤਾਜ ਨਹੀਂ, ਓਵੇਂ ਲੋਕ-ਬੁਝਾਰਤਾਂ ਦੀ ਵਿਆਪਕਤਾ ਨੂੰ ਵੀ ਇਸ ਤਰ੍ਹਾਂ ਦੇ ਕੋਈ ਬੰਧਨ ਕੜੀਆਂ ਨਹੀਂ ਪਾ ਸਕੇ। ਲੋਕ-ਬੁਝਾਰਤਾਂ ਦੀ ਇਹ ਵਿਆਪਕਤਾ ਵੀ ਇਹਨਾਂ ਨੂੰ ਲੋਕਾਂ ਦੇ ਸਰਬ-ਵਿਆਪੀ ਅਨੁਭਵਾਂ ਤੋਂ ਹੀ ਪ੍ਰਾਪਤ ਹੋਈ ਹੈ। ਇਸ ਤੋਂ ਲੋਕਾਂ ਦੀ ਆਪਣੇ ਵਿਕਾਸ ਦੇ ਪੜਾਅ ਵੱਲ ਵਧਦੀ, ਲੋਕ-ਸੂਝ ਦੀ ਇਕੋ ਜਹੀ ਰਫਤਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਏਥੇ ਭਾਰਤ ਦੇ ਪ੍ਰਾਂਤਾਂ ਦੀਆਂ ਲੋਕ-ਬੁਝਾਰਤਾਂ ਵਿਚਲੀ ਸਮਤਾ ਦੀ ਹੀ ਗੱਲ ਨਹੀਂ, ਸਗੋਂ ਭਾਰਤ, ਚੀਨ, ਰੂਸ, ਅਮਰੀਕਾ, ਇੰਗਲੈਂਡ ਆਦਿ ਸਾਰੇ ਦੁਨੀਆਂ ਦੇ ਦੇਸ਼ਾਂ ਦੀਆਂ ਲੋਕ ਬੁਝਾਰਤਾਂ ਵਿਚ ਇਹ ਸਾਂਝ ਮਿਲ ਸਕਦੀ ਹੈ, ਠੀਕ ਓਵੇਂ ਹੀ ਜਿਵੇਂ ਕਿ ਇਹਨਾਂ ਦੇਸ਼ਾਂ ਦੇ ਲੋਕ-ਗੀਤਾਂ, ਲੋਕ-ਕਹਾਣੀਆਂ ਤੇ ਹੋਰ ਲੋਕ-ਕਲਾ ਦੇ ਅੰਗਾਂ ਵਿੱਚ। ਲੋਕ-ਕਲਾ ਤੋਂ ਉੱਤਰ ਕੇ ਇਨ੍ਹਾਂ ਦੇਸ਼ਾਂ ਦੇ ਲੋਕ-ਕਲਾਕਾਰਾਂ ਰਾਹੀਂ ਸਿਰਜੀ ਕਲਾ ਵਿਚ ਵੀ ਇਸ ਸਾਂਝ ਦਾ ਮਿਲ ਸਕਣਾ ਸੰਭਵ ਹੋ ਸਕਦਾ ਹੈ, ਪਰ ਉਹ ਓਨੀਂ ਨੇੜਤਾ ਨਾਲ ਨਹੀਂ। ਦੇਸਾਂ ਪਰਦੇਸਾਂ ਦੀਆਂ ਲੋਕ-ਬੁਝਾਰਤਾਂ ਵਿਚਲੀ ਇਹ ਸਾਂਝ ਕੇਵਲ ਅੱਜ ਦੇ ਜੁਗ ਦੀ ਦੇਣ ਹੀ ਨਹੀਂ, ਸਗੋਂ ਅੱਜ ਤੋਂ ਸਦੀਆਂ ਪਹਿਲਾਂ ਦੀਆਂ ਬੁਝਾਰਤਾਂ ਵਿਚ ਵੀ- ਜਦ ਕਿ ਦੇਸ, ਇਕ ਦੂਜੇ ਦੇਸ ਦੀ ਹੋਂਦ ਬਾਰੇ ਵੀ ਸ਼ਕ ਵਿਚ ਸਨ, ਜਦ ਕਿ ਧਰਤੀ, ਪੌਣ ਤੇ ਪਾਣੀ ਰਾਹੀਂ ਏਨੀਂ ਤੇਜ਼ ਰਫਤਾਰੀ ਨਾਲ ਸਫਰ ਕਰ ਸਕਣਾ ਅਸੰਭਵ ਸੀ- ਇਹ ਸਾਂਝੀ ਨੇੜਤਾ ਲੱਭੀ ਜਾ ਸਕਦੀ ਹੈ। ਲੋਕਾਂ ਦੀ ਸਾਂਝ ਵਾਂਗ ਹੀ ਲੋਕ-ਕਲਾ ਦੀ ਇਹ ਵਿਆਪਕ ਸਾਂਝ ਮਹਾਨ ਹੈ।

ਲੋਕ-ਬੁਝਾਰਤਾਂ ਵਿਚਲੀ ਕੁਦਰਤ ਵੀ ਲੋਕ-ਗੀਤਾਂ ਦੀ ਕੁਦਰਤ ਵਾਂਗ ਆਮ ਲੋਕਾਂ ਦੀਆਂ ਰੁਚੀਆਂ ਨੂੰ ਧੂਹ ਪਾ ਸਕਣ ਵਾਲੀ ਉਹਨਾਂ ਦੇ ਚੁਗਿਰਦੇ ਵਿਚ ਟਹਿਕਦੀ, ਉਹਨਾਂ ਦੀ ਜ਼ਿੰਦਗੀ ਦੀ ਸਾਂਝੀਵਾਲ ਤੇ ਨਵੀਂ ਪ੍ਰੇਰਨਾ ਦੇਣ ਵਾਲੀ ਹੈ। ਕਪਾਹ ਦੀਆਂ ਫੁੱਟੀਆਂ, ਕਣਕ ਦੀਆਂ ਬੱਲੀਆਂ, ਮੱਕੀ ਦੀਆਂ ਛੱਲੀਆਂ, ਖੇਤ, ਖੇਤਾਂ ਦੇ ਸਿਆੜ, ਖੂਹ, ਖਾਲ, ਬੱਦਲ, ਮੀਂਹ, ਬਿਜਲੀ, ਨ੍ਹੇਰੀ, ਚੰਦ, ਤਾਰੇ, ਸੂਰਜ ਤੇ ਰੁੱਤਾਂ ਲੋਕ-ਬੁਝਾਰਤਾਂ ਦੇ ਵਿਸ਼ੇ ਤੇ ਇਹਨਾਂ ਵਿਚਲੀਆਂ ਉਪਮਾਵਾਂ ਦਾ ਆਧਾਰ ਹਨ।

ਲੋਕ-ਬੁਝਾਰਤਾਂ ਦੀ ਅਸਚਰਜਤਾ ਤੇ ਰੌਚਿਕਤਾ ਵਿਚ, ਇਹਨਾਂ ਦੀ ਬਣਤਰ ਵਿਚਲਾ ਕੁਦਰਤੀ ਸੰਗੀਤ ਤੇ ਤੁਕਾਂਤ ਵਾਧਾ ਕਰਦਾ ਹੈ। ਲੋਕ-ਗੀਤਾਂ ਵਾਂਗ ਹੀ ਲੋਕ-ਬੁਝਾਰਤਾਂ ਦੇ ਤੁਕਾਂਤ ਜਾਂ ਤੋਲ ਕਿਸੇ ਗਿਣੇ ਮਿਥੇ ਮਾਤ੍ਰਿਕ ਜਾਂ ਗਣਕ ਛੰਦ ਦੇ ਨੇਮਾਂ ਦੇ ਅਧੀਨ ਨਹੀਂ, ਸਗੋਂ ਇਹ ਤਾਂ ਸੋਚ ਤੇ ਵਿਸ਼ੇ ਦੇ ਸੁਭਾਅ ਤੇ ਵੇਗ ਅਨੁਸਾਰ ਹੀ ਆਉਂਦੇ ਤੇ ਕੰਨ-ਰਸ ਵਿਚ ਵਾਧਾ ਕਰਦੇ ਹਨ। ਬਣਤਰ ਦੇ ਪੱਖ ਦੀ ਇਹ ਖੁੱਲ੍ਹ ਵੀ ਦੇਸਾਂ ਤੇ ਪਰਦੇਸਾਂ ਦੀਆਂ ਲੋਕ-ਬੁਝਾਰਤਾਂ ਵਿਚ ਇਕੋ ਤਰ੍ਹਾਂ ਮਿਲ ਸਕਦੀ ਹੈ।

ਲੋਕ-ਗੀਤਾਂ ਵਾਂਗ ਹੀ ਬੁਝਾਰਤਾਂ ਇਕ-ਤੁਕੀਆਂ, ਦੋ-ਤੁਕੀਆਂ ਜਾਂ ਚਾਰ-ਤੁਕੀਆਂ ਤੇ ਜਾਂ ਸੱਤ-ਅੱਠ ਤੁਕੀਆਂ ਦੇ ਰੂਪ ਵਿਚ ਮਿਲ ਸਕਦੀਆਂ ਹਨ।

ਲੋਕਾਂ ਦੀ ਵਿਹਲ ਵਿਚ, ਖਾਸ ਤੌਰ ਤੇ 'ਖਾਓ ਪੀਓ' ਤੋਂ ਪਿਛੋਂ ਸੋਤੇ ਵੇਲੇ, ਲੋਕ-ਬੁਝਾਰਤਾਂ ਲੋਕਾਂ ਦੇ ਮਨ-ਪਰਚਾਵੇ ਤੇ ਉਹਨਾਂ ਦੀ ਸੂਝ ਨੂੰ ਸਾਣ ਤੇ ਲਾਣ ਦਾ ਸਾਧਨ ਬਣਦੀਆਂ ਹਨ। ਇਹੋ ਜਿਹੀ ਵਿਹਲ ਵਿਚ ਹੀ ਬੁਝਾਰਤਾਂ ਜਨਮਦੀਆਂ ਤੇ ਪ੍ਰਵਾਨ ਚੜ੍ਹਦੀਆਂ ਹਨ, ਕਿਸੇ ਪੁਰਾਣੀ ਬੁਝਾਰਤ ਦੀ ਕੁਖੋਂ ਕੋਈ ਨਵੀਂ ਬੁਝਾਰਤ, ਸੋਵਤੀ ਹੀ ਜਨਮ ਧਾਰ ਲੈਂਦੀ ਹੈ, ਜਿਵੇਂ ਕਿ ਲੋਕਾਂ ਦੀ ਪੁਰਾਣੀ ਨਸਲ ਤੋਂ ਨਵੀਂ ਨਸਲ ਤੇ ਨਵੀਂ ਤੋਂ ਫੇਰ ਨਵੀਂ। ਨਵੀਆਂ ਬੁਝਾਰਤਾਂ ਵਿਚ ਪੁਰਾਣੀਆਂ ਬੁਝਾਰਤਾਂ ਦੇ ਸੰਸਕਾਰ ਆਪ ਮੁਹਾਰੇ ਆ ਸਮਾਉਂਦੇ ਹਨ ਤੇ ਨਾਲ ਹੀ ਨਵੇਂ ਚੌਗਿਰਦੇ ਦੇ ਨਵੇਂ ਪ੍ਰਭਾਵ ਵੀ ਤੇ ਇਸੇ ਤਰ੍ਹਾਂ ਉਹਨਾਂ ਦੇ ਵਿਕਾਸ ਦਾ ਚੱਕਰ ਚਲਦਾ ਰਹਿੰਦਾ ਹੈ। ਉਹਨਾਂ ਵਿਚ ਬੁੱਧੀ ਦੇ ਨਵੇਂ ਤੋਂ ਨਵੇਂ ਚਮਤਕਾਰ ਸਮਾਉਂਦੇ ਰਹਿੰਦੇ ਹਨ। ਇਹੋ ਅਮਲ ਲੋਕ-ਕਲਾ ਦੇ ਬਾਕੀ ਅੰਗਾਂ ਵਿਚ ਵੀ ਚਲਦਾ ਤੇ ਉਹਨਾਂ ਨੂੰ ਵਿਕਾਸ ਵਿਚ ਲਿਆਉਂਦਾ ਰਹਿੰਦਾ ਹੈ।

ਕਿਸੇ ਦੇਸ ਦੇ ਲੋਕਾਂ ਵਿਚ ਪ੍ਰਚਲਤ ਪੁਰਾਣੀਆਂ ਤੇ ਨਵੀਂਆਂ ਲੋਕ-ਬੁਝਾਰਤਾਂ, ਉਸ ਦੇਸ ਦੇ ਲੋਕਾਂ ਦਾ ਬੌਧਿਕ-ਚਮਤਕਾਰਾਂ ਭਰਿਆ ਇਤਿਹਾਸ ਆਖਿਆ ਜਾ ਸਕਦਾ ਹੈ। ਇਹਨਾਂ ਨੂੰ ਲੱਭਣਾ, ਖੋਜਣਾ ਤੇ ਇਕੱਠਿਆਂ ਕਰਨਾ; ਵਿਗਿਆਨਕ ਪੱਖ ਤੋਂ ਵੇਰਵੇ ਨਾਲ ਉਹਨਾਂ ਦੀ ਵਿਆਖਿਆ ਕਰਨੀ, ਇਕ ਇਤਿਹਾਸਕਾਰ ਦੇ ਕੰਮ ਨਾਲੋਂ ਸੌਖਾ ਕੰਮ ਨਹੀਂ; ਇਸ ਕੰਮ ਨੂੰ ਤੋੜ ਚਾੜ੍ਹਨ ਲਈ ਜ਼ਰੂਰੀ ਹੈ ਕਿ ਲੋਕ-ਸਾਹਿਤਕਾਰਾਂ ਤੇ ਲੋਕ-ਸਰਕਾਰਾਂ ਵਲੋਂ ਸਰਗਰਮ ਯਤਨ ਆਰੰਭ ਕੀਤੇ ਜਾਣ।

ਸਾਡੇ ਅੱਜ ਦੇ ਹਾਲਾਤ ਅਨੁਸਾਰ ਸਾਹਿਤ-ਰਚਨਾ ਨੂੰ ਸੁਰਮਗਤੀ ਆਖਿਆ ਗਿਆ ਹੈ, ਪਰ ਲੋਕ-ਸਾਹਿਤ ਨੂੰ ਵਿਗਿਆਨਕ ਢੰਗ ਨਾਲ ਇਕੱਤਰ ਕਰਕੇ ਲੋਕਾਂ ਅਗੇ ਲਿਆਉਣਾ ਇਸ ਤੋਂ ਵੀ ਵੱਡਾ ਤੇ ਜੇਰੇ ਦਾ ਕੰਮ ਹੈ।

ਲੋਕ-ਗੀਤ ਤੇ ਲੋਕ-ਕਹਾਣੀਆਂ ਨੂੰ ਇਕੱਠੇ ਕਰਨ ਦਾ ਕੰਮ ਪਿਛਲੇ ਕੁਝ ਵਰ੍ਹਿਆਂ ਤੋਂ ਅਰੰਭ ਜ਼ਰੂਰ ਹੋਇਆ ਹੈ, ਪਰ ਲੋਕ-ਬੁਝਾਰਤਾਂ ਨੂੰ ਇਕੱਤਰ ਕਰਨ ਵੱਲ ਲੋਕ-ਸਾਹਿਤਕਾਰਾਂ ਦਾ ਧਿਆਨ ਘੱਟ ਹੀ ਗਿਆ ਹੈ। ਇਸ ਵਿਸ਼ੇ ਤੇ ਅਜੇ ਤੱਕ ਕੋਈ ਚੰਗੀ ਪੁਸਤਕ ਪ੍ਰਕਾਸ਼ਤ ਨਹੀਂ ਹੋਈ। ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਇਸ ਮੈਦਾਨ ਵਿਚ, ਸੁਖਦੇਵ ਮਾਦਪੁਰੀ ਵਰਗਾ ਸੂਝਵਾਨ ਤੇ ਉਤਸ਼ਾਹ-ਭਰਪੂਰ ਨੌਜਵਾਨ ਲੇਖਕ, ਨਿੱਤਰ ਆਇਆ ਹੈ। ਉਹ ਇਸ ਪੁਸਤਕ ਰਾਹੀਂ, ਲੋਕ-ਬੁਝਾਰਤਾਂ ਨੂੰ ਇਕੱਤਰ ਕਰਨ ਦੀ ਪਹਿਲ ਕਰ ਰਿਹਾ ਹੈ, ਜੋ ਹੋਰ ਲੋਕ-ਲਿਖਾਰੀਆਂ ਵਿਚ ਇਸ ਪਾਸੇ ਕੰਮ ਕਰਨ ਦੀ ਰੀਸ ਤੇ ਪ੍ਰੇਰਨਾ ਜਗਾਵੇਗੀ।

ਅਜਾਇਬ ਚਿਤਰਕਾਰ

# ਪਰਵੇਸ਼

ਲੋਕ-ਸਾਹਿਤ ਵਿਚ ਲੋਕਾਂ ਦੇ ਮਨੋਭਾਵ ਪ੍ਰਗਟਾਉਣ ਲਈ ਜਿਵੇਂ ਲੋਕਗੀਤ ਪ੍ਰਮੁੱਖ ਸਥਾਨ ਰਖਦੇ ਹਨ, ਤਿਵੇਂ ਬੁਝਾਰਤਾਂ, ਲੋਕ-ਬੁੱਧੀ ਦਾ ਚਮਕਾਰਾ ਦਿਖਾਉਣ ਲਈ ਖਾਸ ਮਹੱਤਵ ਦੀਆਂ ਧਾਰਨੀ ਹਨ। ਆਮ ਖ਼ਿਆਲ ਹੈ ਕਿ ਬੌਧਕ ਚੀਜ਼ਾਂ ਖਾਸ ਖਾਸ ਬੌਧਕ ਵਿਅਕਤੀਆਂ ਦੇ ਹਿੱਸੇ ਹੀ ਆਈਆਂ ਹਨ, ਆਮ ਲੋਕ ਇਸ ਦੁਨੀਆਂ ਤੋਂ ਜਾਣੂੰ ਨਹੀਂ ਪ੍ਰੰਤੂ ਬੁਝਾਰਤਾਂ ਤੋਂ ਜ਼ਾਹਰ ਹੈ ਕਿ ਭਾਵਕ ਤ੍ਰਿਪਤੀ ਵਾਂਙ ਬੌਧਕ ਸੰਤੁਸ਼ਟਤਾ ਲਈ ਵੀ ਲੋਕ-ਪੱਧਰ ਤੇ ਆਪਣੀ ਤਰ੍ਹਾਂ ਦੇ ਯਤਨ ਹੁੰਦੇ ਆਏ ਹਨ। ਜਿਵੇਂ ਸਰੀਰਕ ਵਰਜਿਜ਼ ਲਈ ਖੇਡਾਂ ਹਨ ਤਿਵੇਂ ਪੇਂਡੂ ਜੀਵਨ ਵਿਚ ਦਿਮਾਗ਼ੀ ਅਭਿਆਸ ਲਈ ਬੁਝਾਰਤਾਂ; ਬੁਝਾਰਤਾਂ ਜਿਥੇ ਮੁੰਡੇ ਕੁੜੀਆਂ ਦੀ ਬੁੱਧੀ ਨੂੰ ਤੇਜ਼-ਤਿਖਾ ਕਰਦੀਆਂ ਹਨ, ਉਥੇ ਨਾਲ ਨਾਲ ਮਨੋਰੰਜਨ ਵੀ ਕਰਦੀਆਂ ਹਨ। ਕੇਵਲ ਬਾਲਕ ਹੀ ਬਾਤ ਪਾਉਣ ਤੇ ਬੁੱਝਣ ਦੀ ਖੁਸ਼ੀ ਹਾਸਲ ਨਹੀਂ ਕਰਦੇ ਬਲਕਿ ਸਿਆਣੇ ਵੀ ਇਸ ਵਿਚ ਦਿਲਚਸਪੀ ਲਏ ਬਗ਼ੈਰ ਨਹੀਂ ਰਹਿ ਸਕਦੇ। ਬੁੱਝਣ ਵਾਲੇ ਲਈ ਬੁਝਾਰਤ ਇਕ ਤਰ੍ਹਾਂ ਦਾ ਚੈਲੰਜ ਹੁੰਦੀ ਹੈ ਤੇ ਕੋਈ ਇਸ ਚੈਲੰਜ ਤੋਂ ਪਿੱਛੇ ਹਟਣਾ ਪਸੰਦ ਨਹੀਂ ਕਰਦਾ। ਇਸ ਲਈ ਬੁਝਾਰਤ ਨਿਆਣੇ ਸਿਆਣਿਆਂ ਦੇ ਬੁੱਧੀ-ਸੰਗਰਾਮ ਦਾ ਇੱਕ ਸਾਂਝਾ ਕੇਂਦਰ ਹੈ ਤੇ ਕਈ ਵਾਰ ਵੱਡਿਆਂ ਵੱਡਿਆਂ ਸਿਆਣਿਆਂ ਨੂੰ ਵੀ ਇਸ ਵਿਚ ਹਾਰ ਖਾਣੀ ਪੈਂਦੀ ਹੈ ਪਰ ਇਹ ਮਿੱਠੀ ਹਾਰ ਦੁਖ ਦਾ ਕਾਰਨ ਬਣਨ ਦੀ ਥਾਂ ਖੁਸ਼ੀਆਂ ਦੇ ਹਾਸੇ ਦਾ ਸਾਧਨ ਬਣਦੀ ਹੈ।

ਬੁਝਾਰਤਾਂ, ਕਿਸ ਬਣਾਈਆਂ ਤੇ ਕਦੋਂ ਤੋਂ ਚਲੀਆਂ, ਇਹ ਦੱਸਣਾ ਔਖਾ ਹੈ। ਇਹ ਵੀ ਲੋਕ ਗੀਤਾਂ ਵਾਂਙ ਆਪਣੇ ਆਪ ਬਣਦੀਆਂ ਚਲੀਆਂ ਆ ਰਹੀਆਂ ਹਨ ਤੇ ਲੋਕ-ਜੀਵਨ ਦੀਆਂ ਪੁਰਾਣੀਆਂ ਸਾਥਣਾਂ ਹਨ। ਵੈਦਕ ਜ਼ਮਾਨੇ ਵਿਚ ਅਸੁਮੇਧ ਜੱਗ ਸਮੇਂ ਬੁੱਧੀ-ਪਰੀਖਿਆ ਤੇ ਬੁੱਧੀ ਬਿਲਾਸ ਲਈ ਬੁਝਾਰਤਾਂ ਪੁੱਛੀਆਂ ਜਾਂਦੀਆਂ ਸਨ। ਰਿਗਵੇਦ ਦੇ ਕਈ ਮੰਤਰਾਂ ਨੂੰ ਕਈ

ਵਿਦਵਾਨ ਉਸ ਸਮੇਂ ਦੀਆਂ ਬੁਝਾਰਤਾਂ ਹੀ ਤਸੱਵਰ ਕਰਦੇ ਹਨ। ਸ੍ਰੀ ਰਾਮ ਨਰੇਸ਼ ਤ੍ਰਿਪਾਠੀ ਨੇ ਇੱਥੋਂ ਤੱਕ ਕਿਹਾ ਹੈ ਕਿ ਰਿਗਵੇਦ ਨੂੰ ਬੁਝਾਰਤਾਂ ਦਾ ਵੇਦ ਕਿਹਾ ਜਾਵੇ ਤਾਂ ਗ਼ਲਤ ਨਹੀਂ। ਮਿਸਾਲ ਵਜੋਂ ਇਕ ਮੰਤਰ ਹੈ-

> चत्वादि जृंगा त्रयो श्रस्य पादा, द्वे शीर्षे सप्त हस्तासो श्रस्य
> त्रिधा बद्दो कृषभो दोदवीति, महादेवा मर्त्या श्रा विवेश

'ਜਿਸ ਦੇ ਚਾਰ ਸਿੰਗ, ਤਿੰਨ ਪੈਰ, ਦੋ ਸਿਰ ਤੇ ਸੱਤ ਹੱਥ ਹਨ, ਜੋ ਤਿੰਨ ਥਾਵਾਂ ਤੋਂ ਬੰਨ੍ਹਿਆ ਹੋਇਆ ਹੈ, ਉਹ ਆਦਮੀਆਂ ਵਿਚ ਪ੍ਰਵੇਸ਼ ਕਰ ਰਿਹਾ ਮਹਾਦੇਵ ਹੈ।'

ਕੋਈ ਇਸ ਪਹੇਲੀ ਦਾ ਜਵਾਬ ਦਿੰਦਾ ਹੈ 'ਬ੍ਰਿਸ਼ਭਯੱਗ, ਪਤੰਜਲੀ ਨੇ ਕਿਹਾ ਕਿ ਇਹ 'ਸ਼ਬਦ' ਹੈ। ਕਈ ਇਸ ਨੂੰ 'ਸੂਰਜ' ਕਹਿੰਦੇ ਹਨ-ਚਾਰ ਸਿੰਗ, ਚਾਰ ਦਿਸ਼ਾਵਾਂ, ਤਿੰਨ ਪੈਰ-ਤਿੰਨ ਵੇਦ, ਦੋ ਸਿਰ-ਰਾਤ ਤੇ ਦਿਨ, ਸੱਤ ਹੱਥ-ਸਤਰੰਗੀਆਂ ਕਿਰਣਾਂ ਅਤੇ ਬੰਨ੍ਹਣ ਦੀਆਂ ਤਿੰਨ ਥਾਵਾਂ-ਧਰਤੀ, ਦਿਸਹੱਦਾ ਤੇ ਸਵਰਗ ਲੋਕ। ਇਸ ਤਰ੍ਹਾਂ ਦੀਆਂ ਬਾਤਾਂ ਪੰਜਾਬੀ ਵਿਚ ਅੱਜ ਵੀ ਕਈ ਹਨ-

'ਬਾਹਰੋਂ ਲਿਆਂਦਾ ਬਿੰਦਰਾ ਵੱਢ ਕੇ,
ਘਰੇ ਲਵਾਏ ਕੰਨ।'
ਬਾਰੀਂ ਪੈਰੀਂ ਬਿੰਦਰਾ ਤੁਰਦਾ,
ਛ ਮੂੰਹ ਬਾਰਾਂ ਕੰਨ।

(ਸੁਹਾਗਾ)

ਜਾਂ

'ਚਾਰ ਭਰਾ ਮੇਰੇ ਅਕਣੇ ਮਕਣੇ
ਚਾਰ ਭਰਾ ਮੇਰੇ ਮਿਟੀ ਚੱਖਣੇ।
ਦੋ ਭਰਾ ਮੇਰੇ ਬੁਰਜ ਮੁਨਾਰੇ
ਦੋ ਭਰਾ ਜਿਉਂ ਦਿੱਸਣ ਤਾਰੇ
ਇਕ ਭੈਣ ਮੇਰੀ ਮੱਖੀਆਂ ਮਾਰੇ।

(ਮੱਝ)

ਰਿਗਵੇਦ ਦਾ ਇਕ ਹੋਰ ਮੰਤਰ :-

द्वा सपरर्गा सयुजा सखाया, समानं वृक्षं परिषस्व जाते
तपोरन्यः पिप्पलं स्वाद्वत्यनः, कनन्ननयो श्रभिचाकशीति*

"ਦੋ ਪੰਛੀ, ਇਕੱਠੇ ਰਹਿੰਦੇ ਹਨ, ਦੋਵੇਂ ਪਰਸਪਰ ਮਿੱਤਰ ਹਨ, ਇਕੋ ਬਿਰਛ ਤੇ ਰਹਿੰਦੇ ਹਨ। ਇਨ੍ਹਾਂ ਵਿਚੋਂ ਇਕ ਸੁਆਦਲੇ ਫਲ ਖਾ ਰਿਹਾ ਹੈ ਤੇ ਇਕ ਬੈਠਾ ਵੇਖਦਾ ਹੈ।"

ਇਸ ਦਾ ਅਧਿਆਤਮਕ ਜਵਾਬ ਦਿੱਤਾ ਜਾਂਦਾ ਹੈ। ਜੀਵਾਤਮਾ ਤੇ ਪ੍ਰਮਾਤਮਾ ਜੋ ਸਰੀਰ ਵਿਚ ਇਕੱਠੇ ਰਹਿੰਦੇ ਹਨ, ਜੀਵਾਤਮਾ ਫਲ ਭੋਗਦਾ ਤੇ ਪ੍ਰਮਾਤਮਾ ਕੇਵਲ ਦਰਸ਼ਕ ਬਣ ਕੇ ਰਹਿੰਦਾ ਹੈ। ਗੁਰਬਾਣੀ ਵਿਚ ਵੀ ਅਜੇਹਾ ਬੁਝਾਰਤੀ ਵਰਣਨ ਮਿਲਦਾ ਹੈ-

**ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥**
**ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥**

ਇਸੇ ਤਰ੍ਹਾਂ ਬਾਈਬਲ ਵਿਚ ਵੀ ਬੁਝਾਰਤਾਂ ਪਾਉਣ ਦਾ ਜ਼ਿਕਰ ਮਿਲਦਾ ਹੈ, ਪੁਰਾਣਿਆਂ ਕਬੀਲਿਆਂ ਵਿਚ ਹੁਣ ਤਕ ਬਾਤਾਂ ਪਾਉਣ ਦਾ ਰਿਵਾਜ ਚਲਿਆ ਆ ਰਿਹਾ ਹੈ। ਸਰ ਜੇਮਜ਼ ਫਰੇਜ਼ਰ ਨੇ ਇਸ ਗੱਲ ਤੇ ਹੈਰਾਨੀ ਪ੍ਰਗਟ ਕੀਤੀ ਹੈ ਕਿ ਕਈ ਕਬੀਲਿਆਂ ਵਿਚ ਖਾਸ ਮੌਕਿਆਂ ਤੇ ਖਾਸ ਖਾਸ ਉਤਸਵਾਂ ਤੇ ਹੀ ਬੁਝਾਰਤਾਂ ਪੁਛੀਆਂ ਜਾਂਦੀਆਂ ਹਨ। ਹਿੰਦ ਦੇ ਆਦਿ ਵਾਸੀਆਂ ਵਿਚੋਂ ਗੋਂਡ, ਪਰਧਾਨ ਤੇ ਬਿਰਹੋਰ ਜਾਤੀਆਂ ਦੇ ਵਿਆਹਾਂ ਸਮੇਂ ਪਹੇਲੀ ਪੁੱਛਣਾ ਇਕ ਲਾਜ਼ਮੀ ਰਸਮ ਹੈ।** ਅਫਰੀਕਾ ਦੇ ਬੰਤੂ ਕਬੀਲੇ ਦੀਆਂ ਤੀਵੀਆਂ ਨਾਚ ਕਰਦੀਆਂ ਆਦਮੀ ਤੋਂ ਬੁਝਾਰਤਾਂ ਪੁਛਦੀਆਂ ਹਨ, ਜੇ ਉਹ ਨਾ ਬੁਝ ਸਕੇ, ਮਾਰਦੀਆਂ ਹਨ। ਤੁਰਕੀ ਕੁੜੀਆਂ ਸ਼ਾਦੀ ਹਿੱਤ ਮਨੁੱਖ ਦੀ ਪ੍ਰੀਖਿਆ ਲਈ ਬੁਝਾਰਤਾਂ ਪੁਛਦੀਆਂ ਹਨ, ਪੰਜਾਬ ਦੇ ਪਿੰਡਾਂ ਵਿਚ ਵਿਆਹਾਂ ਸਮੇਂ 'ਛੰਦ ਪਰਾਗੇ ਆਈਏ ਜਾਈਏ' ਦੀ ਪੁਛ-ਗਿਛ ਇਕ ਤਰ੍ਹਾਂ ਦਾ ਬੁਝਾਰਤੀ ਰੂਪ ਹੀ ਹੈ।

---

* ਗ੍ਰਾਮ ਸਾਹਿਤ, ਪੰਨਾ 288-89

** 'ਮੈਨ ਇਨ ਇੰਡੀਆ' ਦਾ 'ਐਨ ਇੰਡੀਅਨ ਹਿਡਲ ਬੁੱਕ, ਅੰਕ 4, ਭਾਗ 13 ਦਸੰਬਰ 1943 ਵਿਚ ਵੇਰੀਅਰ ਐਲਵਿਨ ਤੇ W.G. ਆਰਚਰ ਲਿਖਤ ਨੋਟ 'ਔਨ ਦੀ ਯੂਜ਼ ਆਫ ਰਿਡਲਜ਼ ਇਨ ਇੰਡੀਆ।'

'ਜੰਨ ਬੰਨ੍ਹਣਾ ਵੀ ਇਕ ਬੁਝਾਰਤ ਹੀ ਹੈ, ਜਿਸ ਨੂੰ ਜਾਞੀਆਂ ਵਿਚੋਂ ਕੋਈ ਸਿਆਣਾ ਆਪਣੀ 'ਬਚਨ-ਚਤੁਰਾਈ' ਨਾਲ 'ਖੋਲ੍ਹਦਾ ਹੈ।'

ਕਈ ਕਬੀਲਿਆਂ ਵਿਚ ਫਸਲ ਪੱਕਣ ਸਮੇਂ ਬੁਝਾਰਤਾਂ ਪਾਈਆਂ ਜਾਂਦੀਆਂ ਹਨ ਅਤੇ ਫਸਲ ਕੱਟਣ ਤੇ ਨਵੀਆਂ ਬੀਜਣ ਵੇਲੇ ਬੁਝਾਰਤਾਂ ਪਾਉਣ ਦੀ ਸਖ਼ਤ ਮਨਾਹੀ ਹੁੰਦੀ ਹੈ।*** ਜਿਵੇਂ ਸਾਡੇ ਪਿੰਡਾਂ ਵਿਚ ਦਿਨੇ ਬਾਤ ਪਾਉਣੀ ਠੀਕ ਨਹੀਂ ਸਮਝੀ ਜਾਂਦੀ, ਸਿਆਣੇ ਆਖਦੇ ਹਨ ਦਿਨੇ ਬਾਤਾਂ ਪਾਉਣ ਨਾਲ ਰਾਹੀਂ ਰਾਹ ਭੁਲ ਜਾਂਦੇ ਹਨ, ਇਸ ਲਈ ਰਾਤ ਨੂੰ ਸੌਣ ਵੇਲੇ ਹੀ ਬਾਤਾਂ ਦਾ ਅਖਾੜਾ ਜੰਮਦਾ ਹੈ।

ਉਪਰੋਕਤ ਵੀਚਾਰ ਤੋਂ ਇਹ ਤਾਂ ਸਪੱਸ਼ਟ ਹੈ ਕਿ ਬੁਝਾਰਤਾਂ ਬਹੁਤ ਪੁਰਾਣੀ ਚੀਜ਼ ਹਨ ਤੇ ਜਿਥੇ ਜੰਗਲੀ ਕਬੀਲਿਆਂ ਵਿਚ ਵੀ ਇਨ੍ਹਾਂ ਦਾ ਰਿਵਾਜ਼ ਹੈ ਉਥੇ ਸੰਸਕ੍ਰਿਤ (ਪ੍ਰਹੇਲਕਾ), ਫਾਰਸੀ (ਚੀਸਤਾਂ), ਯੂਨਾਨੀ (anigma), ਲਾਤੀਨੀ, ਅੰਗਰੇਜ਼ੀ (riddle) ਆਦਿ ਜ਼ੁਬਾਨਾਂ ਵਿੱਚ ਵੀ ਬੁਝਾਰਤੀ-ਸਾਹਿਤ ਬੇਅੰਤ ਮਿਲਦਾ ਹੈ।

ਭਾਰਤੀ ਸਾਹਿਤ ਵਿਚ ਪ੍ਰਹੇਲਕਾ, ਪਹੇਲੀ, ਮੁਦਾਵਣੀ, ਬੁਝੌਵਲ, ਬੁਝਾਇਨ (ਪਹਾੜੀ ਉਪਭਾਸ਼ਾ) ਬੁਝਾਰਤ, ਬਾਤ ਆਦਿ ਕਈ ਨਾਂ ਮਿਲਦੇ ਹਨ। ਸੰਸਕ੍ਰਿਤ ਵਿਚ ਇਸ ਨੂੰ 'ਬ੍ਰਹਿਮੋਦਯ' ਵੀ ਕਹਿੰਦੇ ਹਨ। ਪੰਜਾਬੀ ਵਿਚ ਪੜ੍ਹੇ ਲਿਖੇ 'ਬੁਝਾਰਤ' ਕਹਿੰਦੇ ਹਨ। ਪਰ ਬੁਝਾਰਤਾਂ ਪਾਉਣ ਵਾਲੇ ਲੋਕ 'ਬਾਤ' ਆਖਦੇ ਹਨ, ਬਾਤਾਂ ਦੋ ਤਰ੍ਹਾਂ ਦੀਆਂ ਹਨ ਬੁੱਝਣ ਵਾਲੀਆਂ ਤੇ ਕਹਾਣੀ ਰੂਪ ਵਿਚ ਸੁਣਨ ਵਾਲੀਆਂ। ਇਹ ਸੰਕੇਤ, ਬੁੱਝਣ ਵਾਲੀਆਂ ਬਾਤਾਂ ਵਲ ਹੀ ਹੈ :-

'ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚਲੇ, ਚਹੁੰ ਕੂੰਟਾਂ ਦੇ ਮੁੰਡੇ।

(ਖਿਦੋ ਖੂੰਡੀ)

'ਮੈਂ ਬਾਤ ਪਾਵਾਂ, ਤੇਰਾ ਨੱਕ ਵੱਢ ਖਾਵਾਂ।'

(ਗੰਢਾ)

*** Standard Dictionary of Folklore, Mythology and Legend (Pp 938-44)

ਸੰਸਕ੍ਰਿਤ ਵਿਚ ਜੋ ਬੁਝਾਰਤਾਂ ਮਿਲਦੀਆਂ ਹਨ, ਉਹ ਲੋਕ-ਬੁਝਾਰਤਾਂ ਨਹੀਂ, ਸਗੋਂ ਵਿਦਵਾਨਾਂ ਦੇ ਵਿਆਕਰਣਕ ਤੇ ਕੋਸ਼-ਗਿਆਨ ਦੇ ਸ਼ਬਦ-ਚਮਤਕਾਰਾਂ ਦਾ ਸਿੱਟਾ ਹਨ ਇਸ ਲਈ ਉਹ ਆਮ ਲੋਕਾਂ ਵਿਚ ਪ੍ਰਚਲਤ ਨਹੀਂ ਹੋ ਸਕੀਆਂ ਤੇ ਉਸ ਸਮੇਂ ਦੀਆਂ ਲੋਕ-ਬੁਝਾਰਤਾਂ ਰੀਕਾਰਡ ਨਾ ਹੋਣ ਕਰਕੇ ਸਾਡੇ ਤਕ ਪਹੁੰਚ ਨਹੀਂ ਸਕੀਆਂ। ਉਂਞ ਅਜਿਹੇ ਸੰਕੇਤ ਮਿਲਦੇ ਹਨ ਕਿ ਬੁਝਾਰਤਾਂ ਉਸ ਸਮੇਂ ਵੀ ਸਨ। ਭਾਰਤੀ ਅਲੰਕਾਰ ਸ਼ਾਸਤ੍ਰ ਵਿਚ ਪਹੇਲੀਆਂ ਦੇ ਢੰਗ ਦਾ ਇਕ 'ਪ੍ਰਹੇਲਕਾ ਅਲੰਕਾਰ' ਵੀ ਹੈ, ਜੋ ਬੁਝਾਰਤ ਦੀ ਲੋਕਰੀਤ ਤੋਂ ਸਾਹਿਤ ਵਲ ਆਇਆ।

ਲੋਕਾਂ ਦਾ ਆਪਣਾ ਅਲੰਕਾਰ ਸ਼ਾਸਤ੍ਰ ਹੈ ਤੇ ਆਪਣਾ ਹੀ ਛੰਦ ਸ਼ਾਸ਼ਤਰ। ਬੁਝਾਰਤਾਂ ਦੀ ਉਸਾਰੀ ਵੀ ਇਕ ਖਾਸ ਟੈਕਨੀਕ ਰਾਹੀਂ ਹੁੰਦੀ ਹੈ ਤੇ ਚਿੰਨ੍ਹਵਾਦ ਇਸ ਦਾ ਵਿਸ਼ੇਸ਼ ਹਥਿਆਰ ਹੈ।

ਯੂਨਾਨੀ ਫ਼ਿਲਾਸਫ਼ਰ ਅਰਸਤੂ ਨੇ ਕਈ ਥਾਈਂ ਬੁਝਾਰਤ (riddle) ਤੇ ਰੂਪਕ (Metaphor) ਦਾ ਗੂੜ੍ਹਾ ਸੰਬੰਧ ਦੱਸਿਆ ਹੈ। ਦਰਅਸਲ ਬੁਝਾਰਤ ਚਿੰਨ੍ਹਵਾਦੀ ਤਰੀਕੇ ਦੁਆਰਾ ਕਿਸੇ ਵਸਤੂ ਦਾ ਅਕਾਰ ਜਾਂ ਰੂਪ ਰੇਖਾ ਉਲੀਕਦੀ ਹੈ, ਨਾਲ ਵਚਿਤ੍ਰਤਾ ਜਾਂ ਹੈਰਾਨੀ ਦਾ ਰੰਗ ਵੀ ਰੱਖਿਆ ਜਾਂਦਾ ਹੈ। ਨਕਸ਼ਾ ਕੁਛ ਖਿੱਚਿਆ ਜਾਂਦਾ ਹੈ ਤੇ ਗੱਲ ਕੋਈ ਹੋਰ ਹੁੰਦੀ ਹੈ, ਇਹੋ ਭੇਤ ਬੁਝਾਰਤਾਂ ਨੂੰ ਵਚਿਤ੍ਰਤਾ ਤੇ ਸਮੱਸਿਆ ਦੇ ਰੂਪ ਵਿਚ ਰੂਪਮਾਨ ਕਰ ਕੇ ਸ੍ਰੋਤਿਆਂ ਦੇ ਦਿਲ ਵਿਚ ਖਿੱਚ ਪੈਦਾ ਕਰਦਾ ਹੈ। ਉਦਾਹਰਣ ਵਜੋਂ:-

ਪੰਜ ਭਾਈਆਂ ਨੇ ਪੰਡ ਚੁਕਾਈ, ਸੁੱਟੀ ਬੂਹੇ ਦੇ ਬਾਰ
ਚਾਮ ਚੜਿੱਕ ਨੇ ਧੱਕਾ ਲਾਇਆ, ਗਈ ਸਮੁੰਦਰੋਂ ਪਾਰ।

ਇਥੇ ਪੰਜ ਭਾਈ- ਪੰਜ ਉਂਗਲਾਂ ਵਾਲਾ ਹੱਥ- ਬੂਹਾ-ਮੂੰਹ ਤੇ ਚਾਮ ਚੜਿਕ- ਜੀਭ ਦਾ ਰੂਪਕ ਹੈ।

ਸੋ ਬੁਝਾਰਤਾਂ ਦੇ ਮੂਲ ਤੱਤ ਇਹ ਕਹੇ ਜਾ ਸਕਦੇ ਹਨ:-

(1) ਚਿੰਨ੍ਹਵਾਦ

(2) ਵਸਤੂ ਦਾ ਅਸਪਸ਼ਟ ਆਕਾਰ ਤੇ ਰੂਪ ਰੇਖਾ (ਸ਼ਬਦ-ਚਿਤਰ)

(3) ਓਪਰੀ ਸਮਾਨਤਾ

(4) ਬਚਿਤ੍ਰਤਾ ਦਾ ਰੰਗ

ਇਸ ਸੰਕੇਤਕ ਵਰਣਨ ਕਰਕੇ ਬੁਝਾਰਤਾਂ ਵਿਚ ਲਿੰਗ-ਸੰਬੰਧਾਂ ਦਾ ਵੀ ਕਿਤੇ, ਕਿਤੇ ਓਪਰਾ ਓਪਰਾ ਟੇਢਾ ਬਿਆਨ ਮਿਲਦਾ ਹੈ। ਇਹ ਠੀਕ ਹੈ ਕਿ ਇਹ ਸੰਕੇਤ ਲੋਕਾਂ ਦੀਆਂ ਨਿਤ-ਵਰਤੋਂ ਦੀਆਂ ਚੀਜ਼ਾਂ ਜਾਂ ਆਲੇ ਦੁਆਲੇ ਦੀਆਂ ਕਦਰਤੀ ਵਸਤਾਂ ਹੀ ਹੁੰਦੀਆਂ ਹਨ, ਇਨ੍ਹਾਂ ਦੇ ਆਸਰੇ ਪੇਂਡੂ ਕਾਰੀਗਰ ਆਪਣੀ ਾਰਤ ਦਾ ਮਹੱਲ ਖੜਾ ਕਰਦਾ ਹੈ। ਕਈ ਵਾਰ ਇਨ੍ਹਾ ਸਾਦ-ਮੁਰਾਦੇ ਸ਼ਬਦ-ਤਰਾਂ ਵਿਚ ਕੁਦਰਤ ਦੇ ਅਤੇ ਪੇਂਡੂ ਜੀਵਨ ਦੇ ਚਿਤਰ ਬੜੇ ਸੁਆਦਲੇ ਰੂਪ ਵਿਚ ਪਰਤੱਖ ਹੁੰਦੇ ਹਨ।

ਮੱਕੀ ਦੀ ਛੱਲੀ ਦਾ ਕੇਹਾ ਸੋਹਣਾ ਚਿਤਰ ਹੈ:-

ਹਰੀ ਸੀ ਮਨ ਭਰੀ ਸੀ, ਨਾਲ ਮੋਤੀਆਂ ਜੜੀ ਸੀ<br>
ਰਾਜਾ ਜੀ ਦੇ ਬਾਗ਼ ਵਿਚ, ਦੁਸ਼ਾਲਾ ਲਈ ਖੜ੍ਹੀ ਸੀ।

ਇਸੇ ਤਰ੍ਹਾਂ ਬੁਝਾਰਤਾਂ ਵਿਚ ਹੋਰ ਵੀ ਕੁਦਰਤੀ ਰੂਪਕ ਸੋਹਣੇ ਬੰਨ੍ਹੇ ਗਏ ਹਨ, ਸਪੱਸ਼ਟਤਾ ਲਈ ਕੁਝ ਉਦਾਹਰਣਾਂ ਪੇਸ਼ ਹਨ:-

ਰੜੇ ਮੈਦਾਨ ਵਿਚ ਦੁੱਧ ਦਾ ਛਿੱਟਾ।

(ਰੁਪਈਆ)

ਥੜੇ ਤੇ ਥੜਾ<br>
ਉਤੇ ਲਾਲ ਕਬੂਤਰ ਖੜਾ।

(ਦੀਵਾ)

ਸੋਨੇ ਰੰਗੀ ਤਿੱਤਰ ਖੰਭੀ, ਨਾ ਧਰਿਆ ਮਸਤਾਨੀ<br>
ਜਾਂ ਮੇਰੀ ਬਾਤ ਬੁਝ, ਜਾਂ ਦੇ ਅਠਿਆਨੀ।

(ਭਰਿੰਡ)

ਮਾਏ ਨੀ ਇਕ ਜੋਗੀ ਆਇਆ<br>
ਸਿਰ ਕਲਗੀ ਤੇ ਨਾਦ ਵਜਾਇਆ

ਕਰ ਕਰ ਗੂੜ੍ਹੇ ਰੰਗ।
ਇਹ ਅਚੰਭਾ ਅਸਾਂ ਨੇ ਡਿੱਠਾ
ਹਰ ਬੱਦਲ ਹਰ ਚੰਦ।

(ਮੋਰ)

ਚੰਮ ਦੀ ਪੀਂਘ, ਬਲੂੰਗੜਾ ਝੂਟੇ।

(ਤੇਲੀ ਦਾ ਤਾੜਾ)

ਇੱਨਾ ਕੁ ਤਿਲੀਅਰ ਤਰਦਾ ਜਾਵੇ।
ਗਿਣ ਗਿਣ ਆਂਡੇ ਧਰਦਾ ਜਾਵੇ।

(ਸੂਈ ਧਾਗਾ)

ਐਨੀ ਕੁ ਹਰਨੀ, ਸਾਰਾ ਖੇਤ ਚਰਨੀ
ਮੀਂਗਣ ਇਕ ਨਾ ਕਰਨੀ।

(ਦਾਤੀ)

ਚਲਦੇ ਖੂਹ ਦਾ ਦ੍ਰਿਸ਼ ਵੇਖੋ-

ਆਰ ਡਾਂਗਾਂ ਪਾਰ ਡਾਂਗਾਂ, ਵਿਚ ਟਲੱਮ-ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ, ਨਦੀ ਨਾਵ੍ਹਣ ਚੱਲੀਆਂ।

ਹਾਸਾ ਵੀ ਕਈ ਥਾਂ ਵੱਖੀ ਤੋੜ ਹੈ-

ਬਾਪੂ ਦੇ ਕੰਨ 'ਚਿ ਬੇਬੇ ਵੜਗੀ।

(ਜਿੰਦਰਾ ਕੁੰਜੀ)

ਇਕ ਗਜ਼ ਬਾਬਾ ਨੌਂ ਗਜ਼ ਦਾੜ੍ਹੀ।

(ਪਰਨਾਲਾ)

ਬਾਬੇ ਦਾ ਬੋਕ, ਦੱਬੋ ਪੂੰਛ ਮਾਰੇ ਮੋਕ।

(ਨਲਕਾ)

ਇੱਕ ਗੱਲ ਜੋ ਬੁਝਾਰਤਾਂ ਦੀ ਸਮੱਗਰੀ ਤੇ ਟੈਕਨੀਕ ਤੇ ਵਿਸ਼ੇਸ਼ ਤੌਰ ਤੇ ਪ੍ਰਤੱਖ ਹੁੰਦੀ ਹੈ, ਉਹ ਇਹ ਹੈ ਕਿ ਸਾਰੀ ਦੁਨੀਆਂ ਦੇ ਲੋਕਾਂ ਦੇ ਭਾਵ ਵੀ ਸਾਂਝੇ

ਨਹੀਂ ਲੋਕਾਂ ਦੇ ਵੀਚਾਰ ਤੇ ਵੀਚਾਰ-ਢੰਗ ਵੀ ਕਾਫ਼ੀ ਸਾਂਝ ਰਖਦੇ ਹਨ। ਕਈ ਬੁਝਾਰਤਾਂ ਤੋਂ ਤਾਂ ਇਉਂ ਜਾਪਦਾ ਹੈ, ਜਿਵੇਂ ਲੋਕ ਬਿਲਕੁਲ ਇਸੇ ਤਰ੍ਹਾਂ ਹੀ ਸੋਚ ਰਹੇ ਹੁੰਦੇ ਹਨ ਤੇ ਇਕੋ ਤਰ੍ਹਾਂ ਦੀ ਹੀ ਚੀਜ਼ ਉਨ੍ਹਾਂ ਦੀ ਬੁੱਧੀ ਘੜਦੀ ਹੈ।

ਤੁਲਨਾਤਮਕ ਅਧਿਐਨ ਲਈ ਅਸੀਂ ਹੋਰ ਜ਼ਬਾਨਾਂ ਦੀਆਂ ਬੁਝਾਰਤਾਂ ਦੇ ਵੇਰਵੇ ਵਿਚ ਨਹੀਂ ਪੈਂਦੇ, ਯੂ. ਪੀ. ਪ੍ਰਾਂਤ, ਪੰਜਾਬ ਦਾ ਗੁਆਂਢੀ ਪ੍ਰਾਂਤ ਹੈ, ਉਥੋਂ ਦੀਆਂ ਬੁਝਾਰਤਾਂ ਤੇ ਪੰਜਾਬੀ ਬਾਤਾਂ ਦਾ ਮੁਕਾਬਲਾ ਪਾਠਕਾਂ ਲਈ ਇਸ ਪੱਖੋਂ ਦਿਲਚਸਪੀ ਦਾਇਕ ਹੋਵੇਗਾ ਭਾਵੇਂ ਇਹ ਬਾਤਾਂ ਇਕ ਦੂਜੇ ਦਾ ਤਰਜ਼ਮਾ ਨਹੀਂ, ਪਰ ਕਈ ਥਾਈਂ ਬਿਲਕੁਲ ਇਉਂ ਹੀ ਹੋਇਆ ਲਗਦਾ ਹੈ-

**ਪੰਜਾਬੀ**

ਇਕ ਸਮੁੰਦ ਮੈਂ ਦੇਖਿਆ, ਹਾਥੀ ਮਲ ਮਲ ਨ੍ਹਾਇ
ਘੜਾ ਡੋਬਿਆ ਨਾ ਡੁਬੇ, ਚਿੜੀ ਤਿਹਾਈ ਜਾਇ।

**ਜਾਂ**

ਸੁਥਣ ਭਿੱਜੀ ਸਣ ਚੂੜੀਆਂ ਜੁੱਤੀ ਗੋਤਾ ਖਾ
ਰੁਖ ਭਿੱਜੇ ਸਣ ਕੁਮਲੀਂ ਚਿੜੀ ਤਿਹਾਈ ਜਾ।

**ਹਿੰਦੀ**

ਬਰਖਾ ਬਰਸੀ ਰਾਤ ਮੇਂ, ਭੀਜੇ ਸਭ ਬਨਰਾਇ
ਘੜਾ ਨ ਡੂਬੇ ਲੋਟੀਆ, ਪੰਛੀ ਪਿਆਸਾ ਜਾਇ

(ਤ੍ਰੇਲ)

**ਹਿੰਦੀ**

ਹਰੀ ਡੰਡੀ ਸੁਰਖ ਬਾਣਾ। ਬਖਤ ਪਿਆ ਗੁੜ ਖਾਣਾ।

**ਪੰਜਾਬੀ**

ਹਰੀ ਡੰਡੀ ਲਾਲ ਕਮਾਨ। ਤੋਬਾ ਤੋਬਾ ਕਰੇ ਪਠਾਣ

(ਲਾਲ ਮਿਰਚ)

**ਪੰਜਾਬੀ**

ਇਕ ਦਰਖਤ ਕਲਕੱਤੇ, ਨਾ ਉਹਨੂੰ ਜੜ ਨ ਪੱਤੇ।

### ਹਿੰਦੀ

ਏਕ ਰੁਖ਼ ਅਗੜਪੱਤਾ, ਜਿਸ ਕੇ ਪੇੜ ਨਾ ਪੱਤਾ।

(ਅਮਰ ਵੇਲ)

### ਪੰਜਾਬੀ

ਕਟੋਰੇ ਵਿਚ ਕਟੋਰਾ, ਪੁਤਰ ਪਿਉ ਤੋਂ ਵੀ ਗੋਰਾ।

### ਹਿੰਦੀ

ਕਟੋਰੇ ਪਰ ਕਟੋਰਾ, ਬੇਟਾ ਬਾਪ ਸੇ ਭੀ ਗੋਰਾ।

(ਨਾਰੀਅਲ)

### ਪੰਜਾਬੀ

ਇਕ ਜਨੌਰ ਅਸਲੀ, ਨਾ ਹੱਡੀ ਨਾ ਪਸਲੀ।

### ਹਿੰਦੀ

ਏਕ ਜਾਨਵਰ ਅਸਲੀ, ਉਸ ਕੇ ਹਾਡ ਨਾ ਪਸਲੀ।

(ਜੋਕ)

### ਪੰਜਾਬੀ

ਅੰਦਰ ਜਾਵਾਂ ਬਾਹਰ ਜਾਵਾਂ।
ਕਾਲੇ ਕੁੱਤੇ ਨੂੰ ਬਹਾਲ ਜਾਵਾਂ।

### ਹਿੰਦੀ

ਕਾਲਾ ਕੁੱਤਾ ਘਰ ਰਖਵਾਲਾ, ਕੌਣ ਗੁਰੂ ਕਾ ਚੇਲਾ
ਆਸਨ ਮਾਰ ਮੜ੍ਹੀ ਮੇਂ ਬੈਠਾ, ਮੰਦਰ ਸਾਂਭ ਅਕੇਲਾ

(ਜੰਦਰਾ)

### ਪੰਜਾਬੀ

ਚਲ ਮੈਂ ਆਇਆ

### ਹਿੰਦੀ

ਮੈਂ ਆਇਆ ਤੂੰ ਹਟ

(ਤਖ਼ਤਾ)

ਪੰਜਾਬੀ

ਥਾਲੀ ਭਰੀ ਰੁਪਈਆਂ ਦੀ ਪਰ ਗਿਣੀ ਨ ਜਾਇ।

ਹਿੰਦੀ

ਏਕ ਥਾਲ ਮੋਤੀਓਂ ਸੇ ਭਰਾ, ਸਭ ਕੇ ਸਿਰ ਪਰ ਓਂਧਾ ਧਰਾ
ਚਾਰੋਂ ਓਰ ਥਾਲ ਵਹ ਫਿਰੇ, ਮੋਤੀ ਉਸ ਸੇ ਏਕ ਨ ਗਿਰੇ

(ਅਸਮਾਨ)

ਪੰਜ਼ਾਬੀ

ਦੋ ਅਲਣ ਬਲਣ ਦੋ ਦੀਵੇ ਜਲਣ
ਦੋ ਪੱਖੇ ਝਲਣ, ਸੱਪ ਮੇਲ਼ਦਾ ਫਿਰੇ, ਜਗ ਵੇਖਦਾ ਫਿਰੇ।

ਹਿੰਦੀ

ਚਾਰ ਚਾਕ ਚਲੇਂ, ਦੋ ਸੂਪ ਚਲੇਂ
ਆਗੇ ਨਾਗ ਚਲੇ, ਪੀਛੇ ਗੋਹ ਚਲੇ।

(ਹਾਥੀ)

ਪੰਜਾਬੀ

ਘਾਹੂਆਣੇ ਘਾਹ ਚੁਗੋਂਦੀ, ਅੱਖੂਆਣੇ ਦੇਖੀ ਸੀ
ਫੁੱਲੂਆਣੇ ਫੜ ਕੇ ਲਿਆਂਦੀ, ਨੂੰਹੇਆਣੇ ਕੁੱਟੀ ਸੀ।

ਹਿੰਦੀ

ਸੀਸ ਗੰਜ ਸੇ ਚੋਰ ਭਾਗਾ, ਕਾਨ੍ਹਪੁਰ ਮੇਂ ਪਕੜਾ ਗਯਾ
ਤਲੀ ਗੰਜ ਮੇਂ ਹੂਆ ਮੁਕੱਦਮਾ, ਨਾਖੁਨਪੁਰ ਮੇਂ ਮਾਰਾ ਗਯਾ।

(ਜੂੰ)

ਪੰਜਾਬੀ

ਜਦ ਸਾਂ ਮੈਂ ਭੋਲੀ ਭਾਲੀ, ਤਦ ਸਹਿੰਦੀ ਸਾਂ ਮਾਰ
ਜਦ ਮੈਂ ਪਾ ਲਏ ਲਾਲ ਕਪੜੇ, ਹੁਣ ਨ ਸਹਿੰਦੀ ਗਾਲ।

### ਹਿੰਦੀ

ਜਬ ਰਹੀ ਮੈਂ ਬਾਰੀ ਭੋਰੀ, ਤਬ ਸਹੀ ਥੀ ਮਾਰ
ਅਬ ਤੌਂ ਪਹਿਨੀ ਲਾਲ ਘਗਰੀਆ,ਅਬ ਨ ਸਹਿਰੋਂ ਮਾਰ।

(ਪੱਕਾ ਭਾਂਡਾ)

### ਪੰਜਾਬੀ

ਚੜ੍ਹ ਚੌਂਕੇ ਪਰ ਬੈਠੀ ਰਾਣੀ; ਸਿਰ ਤੇ ਅੱਗ ਪਿੱਠ ਤੇ ਪਾਣੀ

### ਹਿੰਦੀ

ਨੀਚੇ ਪਾਣੀ ਊਪਰ ਆਗ। ਬਾਜੀ ਬਾਂਸਰੀ ਨਿਕਸਯੋ ਨਾਗ।

(ਹੁੱਕਾ)

### ਪੰਜਾਬੀ

ਬਣ ਵਿਚ ਵੱਢੀ ਬਣ ਵਿਚ ਟੁੱਕੀ ਬਣ ਵਿਚ ਲਈ ਸ਼ਿੰਗਾਰ
ਬਾਰਾਂ ਵਰਸ ਮੈਨੂੰ ਵਿਆਹੀ ਨੂੰ ਹੋ ਗਏ, ਨ ਦੇਖਿਆ ਘਰ ਬਾਰ।

### ਹਿੰਦੀ

ਏਕ ਸਖੀ ਹਮ ਆਵਤ ਦੇਖਾ, ਸਿਆਮ ਘਟਾ ਬਦਰੀ ਮੇਂ ਰੇਖਾ
ਹਾਥੀ ਸਿਰੋਹੀ ਮੰਗਲ ਗਾਵੈ, ਵਿਆਹੀ ਹੈ ਬਰ ਖੋਜਤ ਆਵੈ।

(ਰੇਲ)

### ਪੰਜਾਬੀ

ਇਕ ਨਾਰ ਪਰਦੇਸੋਂ ਆਈ, ਜਲ ਵਿਚ ਬੈਠੀ ਨ੍ਹਾਵੇ
ਹੱਡੀਆਂ ਚੁਣ ਚੁਣ ਚੁਣ ਢੇਰ ਲਗਾਵੇ, ਚਮੜੀ ਸ਼ਹਿਰ ਵਿਕਾਵੇ।

### ਹਿੰਦੀ

ਮੂੰਡ ਕਾਟ ਭੁਇਂ ਮਾ ਧਰੀ, ਲੋਥੀ ਗੰਗ ਨਹਾਇ
ਹਾਡਨ ਕਾ ਕੋਇਲਾ ਭਯਾ, ਖਾਲੈ ਗਈ ਵਿਕਾਇ।

(ਸਣ)

### ਹਿੰਦੀ

ਅੱਥਰ ਸਿਲ ਪੱਥਰ, ਸੰਗ ਮਰਮਰ ਖਜੂਰ
ਪਾਂਚੋ ਬਹਿਨੀ ਲੌਟ ਜਾਓ, ਹਮ ਜਾਵੇਂ ਬੜੀ ਦੂਰ।

(ਬੁਰਕੀ)

### ਪੰਜਾਬੀ

ਬਾਹਰੋਂ ਆਇਆ ਬਾਬਾ ਲੋਦੀ
ਛੇ ਟੰਗਾਂ ਤੇ ਇਕ ਬੋਦੀ।

### ਹਿੰਦੀ

ਛੇ ਪੈਰ, ਪੀਠ ਪਰ ਪੂਛ

ਜਾਂ

ਸੰਖ ਸੰਖ ਸੰਖੀਆ
ਉੜਾਇ ਜਾਇ ਪੰਖੀਆ
ਛ: ਗੋਡ ਦੋ ਅੰਖੀਆ।

(ਤੱਕੜੀ)

ਇਸੇ ਤਰ੍ਹਾਂ ਦੀਆਂ ਫਾਰਸੀ ਦੀਆਂ ਬੁਝਾਰਤਾਂ ਦਾ ਵੀ ਮੁਲਾਹਜ਼ਾ ਹੋਵੇ:-

ਯਕੇ ਹੈਵਾਂ ਅਜਬ ਦੀਦਮ, ਕਿ ਸ਼ਸ਼ ਪਾਵੋ ਦੋ ਸੁਮ ਦਾਰਦ
ਅਜਾਇਬਤਰ ਅਜ਼ੀ ਦੀਦਮ, ਮਿਆਨੇ ਪੁਸ਼ਤ ਦੂਮ ਦਾਰਦ।

(ਤੱਕੜੀ)

### ਪੰਜਾਬੀ

ਚਿਟੀ ਮਸੀਤ ਬੂਹਾ ਕੋਈ ਨਾ।
ਚੂਨੇ ਗੱਚ ਹਵੇਲੀ, ਬੂਹਾ ਕੋਈ ਨਾ।
ਸੋਨਾ ਹੈ ਸੁਨਿਆਰ ਨਹੀਂ, ਰੁਪਾ ਹੈ ਰੁਪਯਾ ਨਹੀਂ।
ਕੋਟ ਹੈ ਪਰ ਦਰਵਾਜ਼ਾ ਨਹੀਂ, ਵਿਚ ਹੈ ਪਰ ਬੋਲਤਾ ਨਹੀਂ।

(ਆਂਡਾ)

ਸ਼ਾਇਦ ਪਾਠਕ ਇਸ ਖਿਆਲ ਦੇ ਹੋਣਕੇ ਕਿ ਗੁਆਂਢੀ ਪ੍ਰਾਂਤਾਂ ਦੀਆਂ ਬੁਝਾਰਤਾਂ ਮਿਲ ਜਾਣੀਆਂ ਕੋਈ ਅਨੋਖੀ ਗੱਲ ਨਹੀਂ, ਇਸ ਲਈ ਕੁਝ ਕੁ ਅੰਗਰੇਜ਼ੀ

ਬੁਝਾਰਤਾਂ ਨਾਲ ਪੰਜਾਬੀ ਬੁਝਾਰਤਾਂ ਦਾ ਮੁਕਾਬਲਾ ਕਰਨਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ। ਆਂਡੇ ਬਾਰੇ ਉਤੇ ਪੰਜਾਬੀ ਬੁਝਾਰਤਾਂ ਦਿਤੀਆਂ ਗਈਆਂ ਹਨ, ਇਸ ਸੰਬੰਧੀ ਅੰਗਰੇਜ਼ੀ ਪਹੇਲੀ ਵੀ ਸੁਣਨ ਵਾਲੀ ਹੈ-

A Long White barn
Two roofs on it
And no door at all, at all.'

ਇਸੇ ਤਰ੍ਹਾਂ ਪੌਣ ਬਾਰੇ ਪੰਜਾਬੀ ਬਾਤ ਹੈ-

ਵਿਚ ਅਸਮਾਨੇ ਤੁਰਦੀ ਜਾਵਾਂ, ਪੈਰ ਨਾ ਮੇਰਾ ਕੋਈ
ਸਭ ਮੇਰੇ ਵਿਚ ਹੋ ਗਏ, ਮੈਂ ਸਭਨਾਂ ਦੀ ਹੋਈ।

**ਅੰਗਰੇਜ਼ੀ**

What Flies for ever
and rests, never

ਅੱਗ ਬਾਰੇ ਹਿੰਦੀ ਬੁਝਾਰਤ ਹੈ-

ਕਾਲ ਗਾਇ ਖਰ ਗਾਇ, ਪਾਨੀ ਪੀਏ ਮਰ ਜਾਇ॥

ਅੰਗਰੇਜ਼ੀ ਪਹੇਲੀ ਵੀ ਇਸੇ ਭਾਵ ਦੀ ਹੈ-

The more you feed it
The more it will grow high
But if you give it water
Then it will go and die.

ਇਨ੍ਹਾਂ ਗੱਲਾਂ ਤੋਂ ਲੋਕ-ਜੀਵਨ ਦੀ ਏਕਤਾ ਤੇ ਸਾਂਝ ਦਾ ਪਤਾ ਲਗਦਾ ਹੈ।

ਪੰਜਾਬੀ ਦੇ ਲਿਖਤੀ ਸਾਹਿਤ ਵਿਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਕ ਬੁਝਾਰਤ-ਮੁਦਾਵਣੀ (ਪੋਠੋਹਾਰ ਵਲ ਹੁਣ ਵੀ ਬੁਝਾਰਤ ਨੂੰ ਮੁਦਾਵਣੀ ਆਖਦੇ ਹਨ, ਮੁੰਦਾਵਣੀ-ਮੋਹਰ ਛਾਪ ਹੋਰ ਚੀਜ਼ ਹੈ।) ਸੋਰਠਿ ਵਾਰ ਵਿਚ ਗੁਰੂ ਅਮਰਦਾਸ ਜੀ ਨੇ ਲਿਖੀ ਹੈ :-

**ਹਿੰਦੀ**

ਅੱਥਰ ਸਿਲ ਪੱਥਰ, ਸੰਗ ਮਰਮਰ ਖਜੂਰ
ਪਾਂਚੋ ਬਹਿਨੀ ਲੌਟ ਜਾਓ, ਹਮ ਜਾਵੇਂ ਬੜੀ ਦੂਰ।

(ਬੁਰਕੀ)

**ਪੰਜਾਬੀ**

ਬਾਹਰੋਂ ਆਇਆ ਬਾਬਾ ਲੋਦੀ
ਛੇ ਟੰਗਾਂ ਤੇ ਇਕ ਬੋਦੀ।

**ਹਿੰਦੀ**

ਛੇ ਪੈਰ, ਪੀਠ ਪਰ ਪੂਛ
ਜਾਂ
ਸੰਖ ਸੰਖ ਸੰਖੀਆ
ਉੜਾਇ ਜਾਇ ਪੰਖੀਆ
ਛ: ਗੋਡ ਦੋ ਅੰਖੀਆ।

(ਤੱਕੜੀ)

ਇਸੇ ਤਰ੍ਹਾਂ ਦੀਆਂ ਫਾਰਸੀ ਦੀਆਂ ਬੁਝਾਰਤਾਂ ਦਾ ਵੀ ਮੁਲਾਹਜ਼ਾ ਹੋਵੇ:-

ਯਕੇ ਹੈਵਾਂ ਅਜਬ ਦੀਦਮ, ਕਿ ਸ਼ਸ਼ ਪਾਵੋ ਦੋ ਸੁਮ ਦਾਰਦ
ਅਜਾਇਬਤਰ ਅਜ਼ੀ ਦੀਦਮ, ਮਿਆਨੇ ਪੁਸ਼ਤ ਦੂਮ ਦਾਰਦ।

(ਤੱਕੜੀ)

**ਪੰਜਾਬੀ**

ਚਿਟੀ ਮਸੀਤ ਬੂਹਾ ਕੋਈ ਨਾ।
ਚੂਨੇ ਗੱਚ ਹਵੇਲੀ, ਬੂਹਾ ਕੋਈ ਨਾ।
ਸੋਨਾ ਹੈ ਸੁਨਿਆਰ ਨਹੀਂ, ਰੁਪਾ ਹੈ ਰੁਪਯਾ ਨਹੀਂ।
ਕੋਟ ਹੈ ਪਰ ਦਰਵਾਜ਼ਾ ਨਹੀਂ, ਵਿਚ ਹੈ ਪਰ ਬੋਲਤਾ ਨਹੀਂ।

(ਆਂਡਾ)

ਸ਼ਾਇਦ ਪਾਠਕ ਇਸ ਖਿਆਲ ਦੇ ਹੋਣਕੇ ਕਿ ਗੁਆਂਢੀ ਪ੍ਰਾਂਤਾਂ ਦੀਆਂ ਬੁਝਾਰਤਾਂ ਮਿਲ ਜਾਣੀਆਂ ਕੋਈ ਅਨੋਖੀ ਗੱਲ ਨਹੀਂ, ਇਸ ਲਈ ਕੁਝ ਕੁ ਅੰਗਰੇਜ਼ੀ

ਬੁਝਾਰਤਾਂ ਨਾਲ ਪੰਜਾਬੀ ਬੁਝਾਰਤਾਂ ਦਾ ਮੁਕਾਬਲਾ ਕਰਨਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ। ਆਂਡੇ ਬਾਰੇ ਉਤੇ ਪੰਜਾਬੀ ਬੁਝਾਰਤਾਂ ਦਿਤੀਆਂ ਗਈਆਂ ਹਨ, ਇਸ ਸੰਬੰਧੀ ਅੰਗਰੇਜ਼ੀ ਪਹੇਲੀ ਵੀ ਸੁਣਨ ਵਾਲੀ ਹੈ-

A Long White barn
Two roofs on it
And no door at all, at all.'

ਇਸੇ ਤਰ੍ਹਾਂ ਪੌਣ ਬਾਰੇ ਪੰਜਾਬੀ ਬਾਤ ਹੈ-

ਵਿਚ ਅਸਮਾਨੇ ਤੁਰਦੀ ਜਾਵਾਂ, ਪੈਰ ਨਾ ਮੇਰਾ ਕੋਈ
ਸਭ ਮੇਰੇ ਵਿਚ ਹੋ ਗਏ, ਮੈਂ ਸਭਨਾਂ ਦੀ ਹੋਈ।

**ਅੰਗਰੇਜ਼ੀ**

What Flies for ever
and rests, never

ਅੱਗ ਬਾਰੇ ਹਿੰਦੀ ਬੁਝਾਰਤ ਹੈ-

ਕਾਲ ਗਾਇ ਖਰ ਗਾਇ, ਪਾਨੀ ਪੀਏ ਮਰ ਜਾਇ॥

ਅੰਗਰੇਜ਼ੀ ਪਹੇਲੀ ਵੀ ਇਸੇ ਭਾਵ ਦੀ ਹੈ-

The more you feed it
The more it will grow high
But if you give it water
Then it will go and die.

ਇਨ੍ਹਾਂ ਗੱਲਾਂ ਤੋਂ ਲੋਕ-ਜੀਵਨ ਦੀ ਏਕਤਾ ਤੇ ਸਾਂਝ ਦਾ ਪਤਾ ਲਗਦਾ ਹੈ।

ਪੰਜਾਬੀ ਦੇ ਲਿਖਤੀ ਸਾਹਿਤ ਵਿਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਕ ਬੁਝਾਰਤ-ਮੁਦਾਵਣੀ (ਪੋਠੋਹਾਰ ਵਲ ਹੁਣ ਵੀ ਬੁਝਾਰਤ ਨੂੰ ਮੁਦਾਵਣੀ ਆਖਦੇ ਹਨ, ਮੁੰਦਾਵਣੀ-ਮੋਹਰ ਛਾਪ ਹੋਰ ਚੀਜ਼ ਹੈ।) ਸੋਰਠਿ ਵਾਰ ਵਿਚ ਗੁਰੂ ਅਮਰਦਾਸ ਜੀ ਨੇ ਲਿਖੀ ਹੈ :-

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥

ਗੁਰੂ ਅਰਜਨ ਸਾਹਿਬ ਨੇ ਸੁਖਮਨੀ ਵਿਚ ਕਿਹਾ ਹੈ:-

ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥

ਪੰਜਾਬੀ ਵਿਚ ਸਭ ਤੋਂ ਪਹਿਲਾਂ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ਼ਾਇਦ ਲਾਲਾ ਸ਼ਿਵਦਿਆਲ ਐਮ.ਏ. ਅਸਿਸਟੈਂਟ ਇੰਸਪੈਕਟਰ ਆਫ ਸਕੂਲਜ਼ ਨੇ ਬੁਝਾਰਤਾਂ ਇਕੱਠੀਆਂ ਕਰਨ ਦਾ ਯਤਨ ਕੀਤਾ। ਆਪ ਇਸ ਦੀ ਭੂਮਿਕਾ ਵਿਚ ਲਿਖਦੇ ਹਨ:-

'ਮੈਨੂੰ ਇਸ ਬਾਤ ਦੀ ਬੜੀ ਚਿੰਤਾ ਲੱਗੀ ਰਹਿੰਦੀ ਸੀ ਕਿ ਇਹ ਛੋਟੀ ਜੇਹੀ ਕਿਤਾਬ ਐਸੀ ਬਨਾਵਾਂ ਜਿਸਨੂੰ ਪੜ੍ਹਕੇ ਪੰਜਾਬੀ ਮੁੰਡੇ ਕੁੜੀਆਂ ਖੂਬ ਖੁਸ਼ ਹੋਣ। ਮੈਨੂੰ ਛੋਟੇ ਹੁੰਦਿਆਂ ਬੁਝਾਰਤਾਂ ਦਾ ਬੜਾ ਸ਼ੌਂਕ ਸੀ ਘਰ ਮੈਂ ਆਪਣੇ ਬਾਲਾਂ ਨੂੰ ਸਦਾ ਏਹ ਸੁਣਾਕੇ ਹਸਾਂਦਾ ਰਹਿਨਾ ਹਾਂ। ਇਸ ਵਾਸਤੇ ਮੈਨੂੰ ਉਮੀਦ ਹੈ ਕਿ ਹੋਰ ਭੀ ਇਨ੍ਹਾਂ ਬੁਝਾਰਤਾਂ ਥੀਂ ਬੜੇ ਖੁਸ਼ ਹੋਣਗੇ। ਮੇਰੀ ਅਰਜ਼ ਮਾਪਿਆਂ ਅਗੇ ਇਹ ਹੈ ਕਿ ਆਪਣੇ ਬਾਲ ਬੱਚਿਆਂ ਨੂੰ ਖੁਸ਼ ਰਖਣਾ ਆਪਣਾ ਬੜਾ ਵੱਡਾ ਫਰਜ਼ ਸਮਝਣ ਅਰ ਇਸ ਫਰਜ਼ ਦੇ ਪੂਰਾ ਕਰਨ ਵਿਚ ਜੇ ਇਸ ਨਿੱਕੀ ਜੇਹੀ ਕਿਤਾਬ ਥੀਂ ਕੁਝ ਮਦਦ ਹੋਈ ਤਾਂ ਮੈਂ ਸਮਝਾਂਗਾ ਕਿ ਮੇਰੀ ਮਿਹਨਤ ਸਫਲ ਹੋਈ।'

ਇਸ ਤੋਂ ਬਾਅਦ ਭਾਈ ਵਰਿਆਮ ਸਿੰਘ ਕਵੀਸ਼ਰ ਨੇ ਵੀ ਇਸ ਪਾਸੇ ਕੁਝ ਕੰਮ ਕੀਤਾ ਹੈ। ਮੈਂ ਵੀ ਪੰਜਾਬੀ ਬੁਝਾਰਤਾਂ ਉਤੇ ਇਕ ਕਿਤਾਬ ਲਿਖੀ ਹੈ ਪਰ ਅਜੇ ਇਸ ਪਾਸੇ ਹੋਰ ਉਦਮ ਦੀ ਲੋੜ ਹੈ।

ਅਜ ਲੋਕ-ਰਾਜ ਦਾ ਜ਼ਮਾਨਾ ਹੈ, ਲੋਕ-ਭਾਸ਼ਾਵਾਂ ਵੀ ਲੋਕਾਂ ਨਾਲ ਅੰਗੜਾਈ ਲੈ ਰਹੀਆਂ ਹਨ ਤੇ ਲੋਕ-ਸਾਹਿਤ ਦੇ ਨਵੇਂ-ਨਵੇਂ ਸੇਵਕ ਅਗੇ

ਆ ਰਹੇ ਹਨ। ਸੁਖਦੇਵ ਸਿੰਘ ਮਾਦਪੁਰੀ ਇਸ ਮੈਦਾਨ ਵਿਚ ਨਿਤਰਿਆ ਇਕ ਨੌਜੁਆਨ ਲੇਖਕ ਹੈ, ਜਿਸਦੇ ਲੋਕ-ਗੀਤਾਂ ਬਾਰੇ ਲੇਖ ਅਕਸਰ 'ਜਾਗ੍ਰਤੀ' ਵਿਚ ਛਪਦੇ ਰਹਿੰਦੇ ਹਨ। 'ਲੋਕ ਬੁਝਾਰਤਾਂ' ਇਕੱਤਰ ਕਰਕੇ ਉਸ ਨੇ ਲੋਕ-ਸਾਹਿਤ ਦੇ ਕੰਮ ਨੂੰ ਅੱਗੇ ਵਧਾਇਆ ਹੈ ਤੇ ਬੁਝਾਰਤਾਂ ਨੂੰ ਵਿਸ਼ੇਵਾਰ ਤਰਤੀਬਣ ਵਿਚ ਆਪਣੀ ਵਿਸ਼ੇਸ਼ ਸੂਝ ਬੂਝ ਦਾ ਸਬੂਤ ਦਿੱਤਾ ਹੈ।

ਮੈਨੂੰ ਆਸ ਹੈ, ਪੰਜਾਬੀ ਪਿਆਰੇ ਇਸ ਯਤਨ ਦਾ ਸੁਆਗਤ ਕਰਨਗੇ।

**ਪੰਜਾਬੀ ਵਿਭਾਗ ਪਟਿਆਲਾ** **ਪਿਆਰਾ ਸਿੰਘ ਪਦਮ**

24-10-56

# ਲੋਕ-ਬੁਝਾਰਤਾਂ ਬਾਰੇ

ਬੁਝਾਰਤਾਂ ਕਹਿਣ ਦਾ ਰਿਵਾਜ ਅੱਜ ਦਾ ਨਹੀਂ, ਸਗੋਂ ਢੇਰ ਪੁਰਾਣਾ ਹੈ। ਲੋਕ-ਗੀਤਾਂ ਵਾਂਗ ਹੀ ਕਿਹਾ ਨਹੀਂ ਜਾ ਸਕਦਾ ਕਿ ਇਹ ਕਦੋਂ ਰਚੀਆਂ ਗਈਆਂ ਅਤੇ ਕਿਸ ਨੇ ਰਚੀਆਂ।

ਜਦ ਅਸੀਂ ਪੰਜਾਬੀ ਸਾਹਿਤ ਦੇ ਇਤਿਹਾਸ ਵਲ ਇਨ੍ਹਾਂ ਲੋਕ-ਬੁਝਾਰਤਾਂ ਦਾ ਪਤਾ ਕਰਨ ਲਈ ਇਕ ਪੜਚੋਲਵੀਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਸਿਵਾਏ ਚੌਧਵੀਂ ਈਸਵੀ ਸਦੀ ਦੇ ਕਿਤੇ ਵੀ ਬੁਝਾਰਤਾਂ ਦਾ ਲਿਖਤੀ ਰੂਪ ਨਹੀਂ ਮਿਲਦਾ। ਚੌਧਵੀਂ ਸਦੀ ਵਿਚ ਮੀਰ ਖ਼ੁਸਰੋ (1253-1325) ਨਾਮੀ ਇਕ ਸੂਫੀ ਕਵੀ ਹੋਇਆ ਹੈ। ਕਿਹਾ ਜਾਂਦਾ ਹੈ ਕਿ ਖ਼ੁਸਰੋ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਇਸੇ ਮੀਰ ਖ਼ੁਸਰੋ ਦੀਆਂ ਪੰਜਾਬੀ ਸਾਹਿਤ ਵਿਚ ਸੌ ਦੇ ਲਗਭਗ 'ਕਹਿ ਮੁਕਰਨੀਆਂ' ਮਿਲਦੀਆਂ ਹਨ। ਕਹਿ ਮੁਕਰਨੀਆਂ ਨੂੰ ਵੀ ਇਕ ਪ੍ਰਕਾਰ ਦੀਆਂ ਬੁਝਾਰਤਾਂ ਹੀ ਕਿਹਾ ਜਾ ਸਕਦਾ ਹੈ। ਪਰ 'ਕਹਿ ਮੁਕਰਨੀ' ਦਾ ਤੱਤ ਉਸ ਦੇ ਅੰਤ ਵਿਚ ਦਿੱਤਾ ਹੁੰਦਾ ਹੈ। ਮੀਰ ਖ਼ੁਸਰੋ ਦੀ ਇਕ 'ਕਹਿ ਮੁਕਰਨੀ' ਇਸ ਪ੍ਰਕਾਰ ਹੈ:-

ਅੱਧੀ ਰਾਤ ਉਹ ਸਿਰ ਪੁਰ ਆਵੇ
ਕੋਠੇ ਚੜ੍ਹ ਕੇ ਝਾਤੀਆਂ ਪਾਵੇ
ਉਸ ਨੂੰ ਵੇਖ ਮਨ ਹੋਏ ਅਨੰਦ
ਰੀ ਸਖੀ ਸਾਜਨ ? ਨਾ ਸਖੀ ਚੰਦ

ਪਹਿਲੀਆਂ ਸਤਰਾਂ ਸਹੇਲੀ ਨੂੰ ਭੁਲੇਖਾ ਪਾ ਦੇਂਦੀਆਂ ਹਨ। ਉਹ ਆਪਣੀ ਸਹੇਲੀ ਪਾਸੋਂ ਪੁਛਦੀ ਹੈ ਕਿ ਅੱਧੀ ਰਾਤੀਂ ਕੋਠੇ ਉੱਤੇ ਤੇਰਾ ਪਿਆਰਾ ਆਉਂਦਾ ਹੈ ? ਉਹ ਝੱਟ 'ਚੰਦ' ਆਖ ਕੇ ਉਹਦਾ ਭੁਲੇਖਾ ਦੂਰ ਕਰ ਦੇਂਦੀ ਹੈ।

ਕਹਿ ਮੁਕਰਨੀਆਂ ਤੋਂ ਉਪਰੰਤ ਖ਼ੁਸਰੋ ਦੀਆਂ ਬੁਝਾਰਤਾਂ ਵੀ ਮਿਲਦੀਆਂ ਹਨ। ਵੰਨਗੀ ਲਈ ਦੋ ਹੇਠ ਦਿੱਤੀਆਂ ਜਾਂਦੀਆਂ ਹਨ:-

ਏਕ ਥਾਲ ਮੋਤੀ ਸੇ ਭਰਾ
ਸਭ ਕੇ ਸਿਰ ਪਰ ਔਂਧਾ ਧਰਾ
ਚਾਰੋਂ ਓਰ ਵਹੁ ਥਾਲੀ ਫਿਰੇ
ਮੋਤੀ ਉਸ ਸੇ ਏਕ ਨਾ ਗਿਰੇ

(ਅਕਾਸ਼)

ਅਤੇ

ਏਕ ਨਾਰ ਨੇ ਅਚਰਜ ਕੀਆ
ਸਾਂਪ ਮਾਰ ਪਿੰਜਰੇ ਮੇਂ ਦੀਆ
ਜਿਓਂ ਜਿਓਂ ਸਾਂਪ ਤਾਲ ਕੋ ਖਾਏ
ਸੂਖੇ ਤਾਲ ਸਾਂਪ ਮਰ ਜਾਏ

(ਦੀਵਾ ਬੱਤੀ)

ਖ਼ੁਸਰੋ ਦੀਆਂ ਬੁਝਾਰਤਾਂ ਤਕ ਪ੍ਰਸ਼ਨ ਉਤਪੰਨ ਹੋ ਜਾਂਦਾ ਹੈ ਕਿ ਕੀ ਸਭ ਤੋਂ ਪਹਿਲਾਂ ਬੁਝਾਰਤਾਂ ਇਸੇ ਨੇ ਲਿਖੀਆਂ ਹਨ ਜਾਂ ਇਸ ਤੋਂ ਪਹਿਲਾਂ ਵੀ ਪ੍ਰਚਲਤ ਸਨ? ਮੰਨਿਆ ਜਾ ਸਕਦਾ ਹੈ ਕਿ ਮੀਰ ਖ਼ੁਸਰੋ ਨੇ ਵੀ ਬੁਝਾਰਤਾਂ ਰਚੀਆਂ ਹੋਣ। ਪਰ ਲੋਕ-ਗੀਤਾਂ ਵਾਂਗ ਲੋਕ-ਬੁਝਾਰਤਾਂ ਵੀ ਮੀਰ ਖ਼ੁਸਰੋ ਤੋਂ ਪਹਿਲੋਂ ਪ੍ਰਚਲਤ ਸਨ। ਹੋ ਸਕਦੈ ਇਨ੍ਹਾਂ ਬੁਝਾਰਤਾਂ ਤੋਂ ਸੰਕੇਤ ਲੈ ਉਸ ਨੂੰ ਬੁਝਾਰਤਾਂ ਘੜ੍ਹਨ ਦਾ ਖਿਆਲ ਆਇਆ ਹੋਵੇ।

ਪੰਜਾਬ ਦੀਆਂ ਲੋਕ-ਬੁਝਾਰਤਾਂ ਵੀ ਪੰਜਾਬੀ ਲੋਕ-ਸਾਹਿਤ ਦਾ ਅਨਿੱਖੜਵਾਂ ਅੰਗ ਹਨ। ਇਹ ਬੁਝਾਰਤਾਂ ਕਈ ਪ੍ਰਕਾਰ ਦੇ ਨਿੱਕੇ ਨਿੱਕੇ ਛੰਦਾਂ ਅਤੇ ਧਾਰਨਾਵਾਂ ਵਿਚ ਰਚੀਆਂ ਮਿਲਦੀਆਂ ਹਨ। ਪੰਜਾਬ ਦਾ ਖੁੱਲ੍ਹਾ ਡੁੱਲ੍ਹਾ ਜੀਵਨ, ਕਾਰ ਵਿਹਾਰ ਅਤੇ ਨਿਤ ਵਰਤੋਂ ਦੀਆਂ ਵਸਤੂਆਂ ਦਾ ਝਲਕਾਰਾ ਉਨ੍ਹਾਂ ਵਿਚੋਂ ਸਾਫ ਦਿਸ ਆਉਂਦਾ ਹੈ।

ਗਰਮੀਆਂ ਦੀ ਰੁੱਤੇ, ਇੱਕੋ ਜਿਹੀ ਉਚਾਈ ਵਾਲੇ ਕੋਠਿਆਂ ਦੀਆਂ ਛੱਤਾਂ ਤੇ ਇਨ੍ਹਾਂ ਬੁਝਾਰਤਾਂ ਦਾ ਪਿੜ-ਰਾਤ ਸਮੇਂ ਰੋਟੀ ਟੁੱਕਰ ਖਾਣ ਮਗਰੋਂ ਲਗਦਾ ਹੈ। ਕੀ ਬੱਚੇ ਕੀ ਬੁੱਢੇ, ਕੀ ਮਰਦ ਕੀ ਤੀਵੀਆਂ ਸਭ ਇਸ ਪਿੜ ਵਿਚ ਭਾਗ ਲੈਂਦੀਆਂ ਹਨ। ਇਕ ਜਣਾ ਬੁਝਾਰਤ ਪਾਉਂਦਾ ਹੈ ਬਾਕੀ ਦੇ ਬੁੱਝਦੇ ਹਨ। ਜੇ ਨਾ ਬੁਝ ਸਕਣ ਤਾਂ ਬੁਝਾਰਤ 'ਸਿਰ ਚੜ੍ਹੀ' ਆਖ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਮੁਕਾਬਲਾ ਹੁੰਦਾ ਰਹਿੰਦਾ ਹੈ। ਖਿੱਤੀਆਂ ਘੁੰਮਦੀਆਂ ਰਹਿੰਦੀਆਂ ਹਨ।

ਮੈਂ ਬੁਝਾਰਤ ਦੇ ਲੋਕ ਸਰਮਾਏ ਨੂੰ ਸਾਂਭਣ ਦਾ ਇਕ ਨਿੱਕਾ ਜਿਹਾ ਕਦਮ ਚੁਕਿਆ ਹੈ। ਕਿਥੋਂ ਤੀਕਰ ਸਫਲ ਹੋਇਆ ਹਾਂ ਇਹ ਪਾਠਕ ਹੀ ਦੱਸ ਸਕਣਗੇ।

ਇਹਦੀ ਪਹਿਲੀ ਪੁਸਤਕ ਪਾਠਕਾਂ ਦੇ ਹੱਥਾਂ 'ਚ ਦੇ ਕੇ ਮੈਨੂੰ ਅਤੀ ਮਾਣ ਮਹਿਸੂਸ ਹੋ ਰਿਹਾ ਹੈ। ਮਾਣ ਵਧੇਰੇ ਇਸ ਗੱਲ ਦਾ ਹੈ ਕਿ ਇਸ ਵਿਸ਼ੇ ਤੇ ਇਹ ਪਹਿਲੀ ਪੁਸਤਕ ਹੈ।

ਹੋ ਸਕਦੈ ਇਸ ਵਿਚ ਕਈ ਇਕ ਊਣਤਾਈਆਂ ਹੋਣ, ਜਿਨ੍ਹਾਂ ਨੂੰ ਦਰਸਾਉਣਾ ਸਿਆਣੇ ਪਾਠਕਾਂ ਦਾ ਕੰਮ ਹੈ। ਆਸ ਰੱਖਦਾ ਹਾਂ ਤੁਸੀਂ ਇਸ ਬਾਰੇ ਸੁਝਾਓ ਆਦਿ ਦੇ ਕੇ ਮੇਰਾ ਹੱਥ ਵਟਾਉਗੇ। ਮੈਂ ਤੁਹਾਡੀ ਹਰ ਰਾਏ ਨੂੰ 'ਜੀ ਆਇਆਂ' ਆਖਾਂਗਾ।

ਮੈਂ ਪਾਠਕਾਂ ਪਾਸੋਂ ਕੁਝ ਸਹਾਇਤਾ ਚਾਹੁੰਦਾ ਹਾਂ ਜੇ ਉਹ ਕਰ ਸਕਣ। ਖਿਲਰੇ ਹੋਏ ਸਾਹਿਤ ਨੂੰ ਕੱਲਾ ਕਾਰਾ ਉੱਨੀ ਗਿਣਤੀ ਵਿੱਚ ਇਕੱਤਰ ਨਹੀਂ ਕਰ ਸਕਦਾ ਜਿੰਨਾ ਅਸੀਂ ਸਾਰੇ ਰਲ ਕੇ ਕਰ ਸਕਦੇ ਹਾਂ। ਜੇ ਤੁਹਾਨੂੰ ਇਸ ਪੁਸਤਕ ਵਿਚ ਛਪੀਆਂ ਬੁਝਾਰਤਾਂ ਤੋਂ ਬਿਨਾਂ ਹੋਰ ਬੁਝਾਰਤਾਂ ਮਿਲਣ ਤਾਂ ਉਹ ਮੈਨੂੰ ਘੱਲਣ ਦੀ ਕ੍ਰਿਪਾਲਤਾ ਕਰਨੀ। ਇਸ ਤਰ੍ਹਾਂ ਅਸੀਂ ਸਾਰੇ ਰਲ ਕੇ ਇਸ ਵਿਸ਼ੇ ਤੇ ਇਕ ਚੰਗੀ ਤੇ ਸੁਚੱਜੀ ਪੁਸਤਕ ਤਿਆਰ ਕਰਨ ਵਿਚ ਸਫਲ ਹੋ ਜਾਵਾਂਗੇ।

ਧੰਨਵਾਦੀ ਹਾਂ ਉਨ੍ਹਾਂ ਵੀਰਾਂ, ਭੈਣਾਂ ਅਤੇ ਮਾਤਾਵਾਂ ਦਾ ਜਿਨ੍ਹਾਂ ਨੇ ਲੋਕ ਬੁਝਾਰਤਾਂ ਲਿਖਵਾ ਕੇ ਮੈਨੂੰ ਸਹਿਯੋਗ ਦਿੱਤਾ ਹੈ। ਇਸ ਦੇ ਨਾਲ ਹੀ ਰਿਣੀ ਹਾਂ ਸ: ਜੀਵਨ ਸਿੰਘ ਜੀ ਦਾ ਜਿਨ੍ਹਾਂ ਦੇ ਯਤਨ ਨਾਲ ਇਸ ਪੁਸਤਕ ਨੂੰ ਤੁਹਾਡੇ ਹੱਥਾਂ ਦੀ ਛੁਹ ਮਾਨਣ ਦਾ ਅਵਸਰ ਮਿਲਿਆ ਹੈ। ਅੰਤ ਵਿਚ ਮੈਂ ਅਜਾਇਬ ਚਿਤ੍ਰਕਾਰ ਦਾ ਜਿੰਨਾ ਵੀ ਧੰਨਵਾਦ ਕਰਾਂ ਉੱਨਾ ਹੀ ਥੋੜ੍ਹਾ ਹੈ ਕਿਉਂਕਿ ਆਪ ਨੇ ਵਿਦਵਤਾ ਭਰਿਆ ਮੁਖ-ਬੰਦ ਲਿਖਕੇ ਇਸ ਪੁਸਤਕ ਦੀ ਰੂਪ ਰੇਖਾ ਨੂੰ ਵਧੇਰੇ ਨਿਖਾਰਿਆ ਤੇ ਵੱਖੋ ਵੱਖ ਕਾਂਡਾਂ ਦੇ ਢੁਕਵੇਂ ਚਿਤਰ ਬਣਾ ਕੇ ਸ਼ਿੰਗਾਰਿਆ ਹੈ।

**ਮਾਦਪੁਰ, ਜ਼ਿਲ੍ਹਾ ਲੁਧਿਆਣਾ** — **ਸੁਖਦੇਵ ਮਾਦਪੁਰੀ**

18 ਮਈ, 1956

# ਧਰਤੀ ਜਾਏ

ਜਦੋਂ ਇਨਸਾਨ ਕੰਮ ਕਰਦਾ ਕਰਦਾ ਥੱਕ ਜਾਵੇ ਤਾਂ ਉਹ ਥਕੇਵਾਂ ਲਾਹੁਣ ਲਈ ਦਿਲ ਪਰਚਾਵੇ ਦਾ ਕੋਈ ਨਾ ਕੋਈ ਸਾਧਨ ਜ਼ਰੂਰ ਲੱਭਦਾ ਹੈ। ਸ਼ਹਿਰਾਂ ਵਿਚ ਸਿਨੇਮਾ-ਘਰ, ਲਾਇਬਰੇਰੀਆਂ ਤੇ ਰੇਡੀਓ ਆਦਿ ਉਸ ਦੀ ਇਸ ਭੁੱਖ ਨੂੰ ਕਿਸੇ ਹਦ ਤੀਕਰ ਤ੍ਰਿਪਤ ਕਰ ਦੇਂਦੇ ਹਨ, ਪਰ ਪਿੰਡਾਂ ਵਿਚ ਉਹ ਸਹੂਲਤਾਂ ਨਹੀਂ ਮਿਲਦੀਆਂ ਜਿਹੜੀਆਂ ਕਿ ਸ਼ਹਿਰਾਂ ਵਿਚ ਆਮ ਮਿਲ ਜਾਂਦੀਆਂ ਹਨ।

ਚੰਨ-ਚਾਨਣੀਆਂ ਵਿਚ ਪਾਏ ਗਿੱਧੇ ਅਤੇ ਕਾਲੀਆਂ ਬੋਲੀਆਂ ਰਾਤਾਂ ਵਿਚ ਪਾਈਆਂ ਲੋਕ-ਬੁਝਾਰਤਾਂ ਕਾਫੀ ਹੱਦ ਤੀਕਰ ਦਿਲ-ਪਰਚਾਵੇ ਦਾ ਸਾਧਨ ਬਣ ਜਾਂਦੀਆਂ ਹਨ। ਬੁਝਾਰਤਾਂ ਦੇ ਪਿੜ ਵਿਚ ਤਾਂ ਨਿੱਕੇ ਤੋਂ ਲੈ ਕੇ ਬੁੱਢੇ ਤੀਕਰ ਸਭ ਭਾਗ ਲੈਂਦੇ ਹਨ। ਜਿਥੇ ਇਹ ਦਿਲ ਪਰਚਾਵੇ ਦਾ ਇਕ ਸਾਧਨ ਹੁੰਦੀਆਂ ਹਨ, ਓਥੇ ਮਨੁੱਖ ਦੀ ਸੋਚ-ਸ਼ਕਤੀ ਵਧਾਣ ਅਤੇ ਗਿਆਨ ਵਿਚ ਵਾਧਾ ਕਰਨ ਵਿਚ ਵੀ ਸਹਾਇਤਾ ਕਰਦੀਆਂ ਹਨ। ਲੋਕ ਗੀਤਾਂ ਵਾਂਗ ਇਨ੍ਹਾਂ ਦੇ ਵੀ ਕਈ ਵਿਸ਼ੇ ਹਨ। ਧਰਤੀ ਜਾਇਆਂ ਬਾਰੇ ਸਾਨੂੰ ਕਾਫੀ ਬੁਝਾਰਤਾਂ ਮਿਲਦੀਆਂ ਹਨ।

ਦਿਨੇ ਕਪਾਹ ਚੁੱਗ ਕੇ ਥੱਕੀਆਂ ਹੋਈਆਂ ਸੁਆਣੀਆਂ ਰਾਤੀਂ ਇਸ ਬਾਰੇ ਬੁਝਾਰਤਾਂ ਪਾ ਆਪਣਾ ਥਕੇਵਾਂ ਲਾਹੁੰਦੀਆਂ ਹਨ :-

ਮਾਂ ਜੰਮੀਂ ਪਹਿਲਾਂ
ਬਾਪੂ ਜੰਮਿਆਂ ਪਿਛੋਂ
ਬਾਪੂ ਨੇ ਅੱਖ ਮਟਕਾਈ
ਵਿਚੋਂ ਦਾਦੀ ਨਿੱਕਲ ਆਈ

(ਕਪਾਹ)

ਬੁਝਾਰਤਾਂ ਸੁਣ ਕੇ ਚਾਰੇ ਬੰਨੇ ਹਾਸਾ ਛਣਕ ਪੈਂਦਾ ਹੈ। ਕੋਈ ਸੂਝਵਾਨ ਹੀ ਬੜੇਵੇਂ ਦੇ ਬੀਜਣ ਤੋਂ ਲੈ ਕੇ ਕਪਾਹ ਖਿੜਨ ਤੀਕਰ ਦੀ ਕਹਾਣੀ ਦੱਸ ਕੇ

ਉਤਰ ਦੇਂਦਾ ਹੈ।

ਇਸੇ ਗੱਲ ਨੂੰ ਕੋਈ ਹੋਰ ਸਰੋਤਾ ਸਪੱਸ਼ਟ ਕਰ ਦੇਂਦਾ ਹੈ :-

ਬੀਜੇ ਰੋੜ
ਜੰਮੇਂ ਝਾੜ
ਲੱਗੇ ਨੇਂਬੂ
ਖਿੜੇ ਅਨਾਰ

(ਕਪਾਹ)

ਕਪਾਹ ਦਾ ਵਰਣਨ ਸੁਣ ਕੇ ਕਿਸੇ ਚੋਗੀ ਦੀਆਂ ਅੱਖਾਂ ਅੱਗੇ ਕਪਾਹ ਦੇ ਖਿੜੇ ਖੇਤ ਦਾ ਨਜ਼ਾਰਾ ਅਤੇ ਚੁਗਣ ਮਗਰੋਂ ਖੇਤ ਦੀ ਤਰਸਯੋਗ ਹਾਲਤ ਆ ਲਟਕਦੀ ਹੈ :-

ਆੜ ਭਮਾੜ ਮੇਰੀ ਮਾਸੀ ਵਸਦੀ
ਜਦ ਮੈਂ ਜਾਵਾਂ ਖਿੜ ਖਿੜ ਹਸਦੀ
ਜਦ ਮੈਂ ਆਵਾਂ ਰੋ ਰੋ ਮਰਦੀ

(ਕਪਾਹ)

ਬੁੱਝਣ ਵਾਲ਼ੀ ਦੀਆਂ ਅੱਖਾਂ ਅੱਗੇ ਵੀ ਮੱਕੀ ਦੇ ਖੇਤ ਵਿਚ ਲਹਿਲਹਾਂਦੀ ਛੱਲੀ ਦੀ ਸ਼ਕਲ ਘੁੰਮਣ ਲੱਗ ਜਾਂਦੀ ਹੈ :-

ਹਰੀ ਸੀ ਮਨ ਭਰੀ ਸੀ
ਲਾਲ ਮੋਤੀਆਂ ਜੜੀ ਸੀ
ਬਾਬਾ ਜੀ ਦੇ ਖੇਤ ਵਿਚ
ਦੁਸ਼ਾਲਾ ਲਈ ਖੜੀ ਸੀ।

(ਛੱਲੀ)

ਛੱਲੀ ਦਾ ਨਾਂ ਸੁਣ ਝਟ ਕਿਸੇ ਨੂੰ ਕਣਕ ਦਾ ਦਾਣਾ ਯਾਦ ਆ ਜਾਂਦਾ ਹੈ:-

ਇਕ ਕੁੜੀ ਦੇ ਢਿਡ 'ਚ ਤੇੜ

(ਕਣਕਣ ਦਾ ਦਾਣਾ)

ਜਿੱਥੇ ਕਪਾਹ ਦਾ ਜ਼ਿਕਰ ਆਉਂਦਾ ਹੈ, ਓਥੇ ਕਪਾਹ ਦੇ ਜਨਮ-ਦਾਤੇ ਬੜੇਵੇਂ ਦੀ ਦੁਰਦਸ਼ਾ ਹਾਸਾ ਉਪਜਾਉਣ ਵਜੋਂ ਘੱਟ ਨਹੀਂ ਹੁੰਦੀ :-

ਦਖਾਣੀਂ ਲੁਹਾਰੀਂ ਸੰਦ ਮਿਲੇ
ਮਿਲੇ ਜੱਫੀਆਂ ਪਾ ਕੇ
ਖੋਹ ਦਾਹੜੀ, ਪੱਟ ਮੁੱਛਾਂ
ਛੱਡੇ ਨੰਗ ਬਣਾ ਕੇ।

(ਬੜੇਵੇਂ)

ਅਤੇ

ਉੱਚੇ ਟਿੱਬੇ ਸਿਰ ਮੁਨਾਇਆ,
ਰੁੜ੍ਹਦਾ ਰੁੜ੍ਹਦਾ ਘਰ ਨੂੰ ਆਇਆ।

(ਬੜੇਵਾਂ)

ਬਾਹਲੇ ਗੰਨੇ ਚੂਪਣ ਵਾਲੀ, ਗੰਨੇ ਦੀ ਪੋਰੀ ਦੀ ਆਪਣੀ ਮਨਪਸੰਦ ਬਾਰੇ ਬੁਝਾਰਤ ਪਾ ਦੇਂਦੀ ਹੈ :-

ਇਕ ਬਾਤ ਕਰਤਾਰੋ ਪਾਵੇ
ਸੁਣ ਵੇ ਭਾਈ ਹਕੀਮਾਂ
ਲੱਕੜੀਆਂ ਚੋਂ ਪਾਣੀ ਕੱਢਾਂ
ਚੁਕ ਬਣਾਵਾਂ ਢੀਮਾਂ

(ਗੰਨਾ ਤੇ ਗੁੜ)

ਮਿੱਠੇ ਗੰਨੇ ਦਾ ਨਾਂ ਕੌੜੀ ਮਿਰਚ ਨੂੰ ਵੀ ਲਿਆ ਅਖਾੜੇ ਵਿਚ ਖੜਾ ਕਰਵਾ ਦੇਂਦਾ ਹੈ :-

ਹਰੀ ਹਰੀ
ਲਾਲ ਲਾਲ
ਮੀਆਂ ਕਰੇ
ਹਾਲ ਹਾਲ

(ਮਿਰਚ)

ਜਾਂ

ਹਰੀ ਡੰਡੀ ਸੁਰਖ ਬਾਣਾ
ਬਖਤ ਪਿਆ ਚੂਰਨ ਖਾਣਾ

(ਮਿਰਚ)

ਹੋਰ

ਐਨੀ ਕੁ ਕੁੜੀ
ਉਹਦੇ ਨਿੱਕੇ ਨਿੱਕੇ ਦੰਦ
ਜੇ ਉਹਨੂੰ ਖਾਈਏ
ਤਾਂ ਪਾਵੇ ਡੰਡ-

(ਮਿਰਚ)

ਅਤੇ

ਲਾਲ ਸੂਹੀ ਪੋਟਲੀ,
ਮੈਂ ਵੇਖ ਵੇਖ ਖੁਸ਼ ਹੋਈ,
ਹੱਥ ਲੱਗਾ ਤੇ ਪਿੱਟਣ ਲੱਗੀ,
ਨੀ ਅੰਮਾਂ ਮੈਂ ਮੋਈ।

(ਲਾਲ ਮਿਰਚ)

ਬਤਾਊਂ ਵੀ ਤਾਂ ਤਕਰੀਬਨ ਮਿਰਚਾਂ ਦੇ ਸਾਥੀ ਹੀ ਹੁੰਦੇ ਨੇ :-

ਕਾਲਾ ਸੀ ਕਲੱਤਰ ਸੀ,
ਕਾਲੇ ਪਿਉ ਦਾ ਪੁੱਤਰ ਸੀ।
ਆਡੋਂ ਪਾਣੀ ਪੀਂਦਾ ਸੀ,
ਬਰੂਟੀ ਛਾਵੇਂ ਬਹਿੰਦਾ ਸੀ।

(ਬਤਾਊਂ)

ਇਥੇ ਹੀ ਬੱਸ ਨਹੀਂ :-

ਬਾਹਰੋਂ ਆਏ ਦੋ ਮਲੰਗ
ਹਰੀਆਂ ਟੋਪੀਆਂ ਨੀਲੇ ਰੰਗ

(ਬਤਾਊਂ)

ਪਿਆਜ਼ ਕਿਹੜਾ ਘੱਟ ਐ ਕਿਸੇ ਨਾਲੋਂ :-

ਬਾਤ ਦੀ ਬੜੇਈ
ਚਿੱਕੜ ਵਿਚ ਗਿੱਦੜ ਖੁੱਭਾ
ਪੂਛ ਨੰਗੀ ਰਹੀ

(ਪਿਆਜ਼)

ਪਿਆਜ਼ ਦੇ ਛਿਲਕੇ ਵੀ ਆਦਮੀ ਦੇ ਕਮੀਜ਼ ਹੀ ਜਾਪਦੇ ਨੇ :-

ਇੱਕ ਆਦਮੀ ਦੇ
ਸੱਠ ਝੱਗੇ

(ਪਿਆਜ਼)

ਜਮੈਣ ਵਧੇਰੇ ਪਿਆਜ਼ ਦੀਆਂ ਕਿਆਰੀਆਂ ਦੀਆਂ ਵੱਟਾਂ ਉਤੇ ਹੀ ਬੀਜੀ ਜਾਂਦੀ ਹੈ। ਪਿਆਜ਼ ਬਾਰੇ ਬੁਝਾਰਤ ਸੁਣ ਜਮੈਣ ਦਾ ਝੱਟ ਖਿਆਲ ਆ ਜਾਂਦਾ ਹੈ :-

ਹਰੀ ਡੰਡੀ ਸਬਜ਼ ਦਾਣਾ।
ਭੀੜ ਪਈ ਮੰਗ ਖਾਣਾ।

(ਜਮੈਣ)

ਇਹ ਆਮ ਦੇਖਣ ਵਿਚ ਆਇਆ ਹੈ ਕਿ ਖਰਬੂਜ਼ਿਆਂ ਦੀ ਰੁੱਤੇ ਪਿੰਡਾਂ ਵਿਚ ਕਈ ਆਦਮੀ ਕਈ ਕਈ ਡੰਗ ਖਰਬੂਜ਼ਿਆਂ ਨਾਲ ਹੀ ਟਪਾ ਲੈਂਦੇ ਹਨ। ਇਹੋ ਜਹੇ ਖਰਬੂਜ਼ਿਆਂ ਦੇ ਸ਼ੁਕੀਨ ਨੂੰ ਉਹ ਵਿਅਕਤੀ ਚੰਗਾ ਨਹੀਂ ਲਗਦਾ ਜਿਹੜਾ ਖਰਬੂਜ਼ਿਆਂ ਬਾਰੇ ਗਿਆਨ ਨਾ ਰਖਦਾ ਹੋਵੇ :-

ਗੋਲ ਮੋਲ ਝੱਕਰੀ

ਉੱਤੇ ਪੀਲਾ ਰੰਗ,
ਜਿਹੜਾ ਮੇਰੀ ਬਾਤ ਨੀ ਬੁੱਝੂ
ਉਹਦਾ ਪਿਓ ਨੰਗ।

(ਖਰਬੂਜ਼ਾ)

ਕਈ ਹਦਵਾਣਿਆਂ (ਤਰਬੂਜ਼ਾਂ) ਦੇ ਸ਼ੁਕੀਨ ਹੁੰਦੇ ਨੇ :-

ਮਾਂ ਲੀਰਾਂ ਕਚੀਰਾਂ
ਪੁਤ ਘੋਨ ਮੋਨ

(ਤਰਬੂਜ਼)

ਰੜੇ ਮੈਦਾਨ ਚੂਹਾ ਲੇਟੇ

(ਹਦਵਾਣਾ)

ਚਿੱਬੜਾਂ ਦੀ ਬੇਲ ਦਾ ਵੀ ਕਿਸੇ ਨੇ ਕਿਹਾ ਸੋਹਣਾ ਵਰਣਨ ਕੀਤਾ ਹੈ :-

ਬਹੂ ਆਈ ਆਪੇ
ਚਾਰ ਲਿਆਈ ਕਾਕੇ
ਇਕ ਗੋਦੀ, ਇਕ ਮੋਢੇ
ਇਕ ਬਾੜ ਕੰਨੀਂ ਝਾਕੇ
ਇਕ ਬਾਪੂ ਬਾਪੂ ਆਖੇ

(ਚਿਬੜ੍ਹਾਂ ਦੀ ਬੇਲ)

ਕਈ ਨਾਕੀ ਬੈਂਗਣਾਂ ਅਤੇ ਕੱਕੜੀਆਂ ਦੇ ਬਾੜੇ ਨੂੰ ਪਾਣੀ ਦੇਣ ਲੱਗਿਆਂ ਉਨ੍ਹਾਂ ਦੀਆਂ ਗੱਲਾਂ ਵੀ ਕਰਵਾ ਦੇਂਦੇ ਹਨ :-

ਜ਼ਮੀਨ ਤੇ ਪਈ ਕੱਕੜੀ ਪਾਣੀ ਆਉਣ ਦੀ ਆਵਾਜ਼ ਸੁਣਦੀ ਹੈ। ਉੱਚੇ ਲਟਕ ਰਹੇ ਬੈਂਗਣ ਤੋਂ ਖੜਾਕ ਬਾਰੇ ਪੁਛਦੀ ਹੈ :-

"ਵੇ ਲੜਕਦਾ"
'ਹਾਂ ਪਈ'
"ਆਹ ਕੀ ਆਉਂਦਾ ਖੜਕਦਾ ?'"

'ਤੂੰ ਪਈ'

'ਮੈਂ ਲੜਕਦਾ'

'ਮੈਂ ਕੀ ਜਾਣਾ'

"ਆਹ ਕੀ ਆਉਂਦਾ ਖੜਕਦਾ"

(ਕੱਕੜੀ ਤੇ ਬੈਂਗਣ)

ਜੇ ਪਸ਼ੂ ਚਾਰਨ ਵਾਲੇ ਪਾਲੀ ਬੁਝਾਰਤਾਂ ਪਾਣ ਲੱਗ ਜਾਣ ਤਾਂ ਬੁੱਝਣ ਵਾਲੇ ਨੂੰ ਨਾਨੀ ਯਾਦ ਕਰਵਾ ਦੇਂਦੇ ਨੇ :-

ਐਨੀ ਕੁ ਪਿੱਦੀ

ਪਿਦ ਪਿਦ ਕਰਦੀ

ਨਾ ਹੱਗੇ ਨਾ ਮੂਤੇ

ਕਿੱਲ੍ਹ ਕਿੱਲ੍ਹ ਮਰਦੀ

(ਛੋਲਿਆਂ ਦੀ ਟਾਂਟ)

ਬੁੱਝਣ ਵਾਲਾ ਤਾਂ ਕਿਸੇ ਜਾਨਵਰ ਦਾ ਖਿਆਲ ਕਰ ਰਿਹਾ ਹੁੰਦਾ ਏ, ਪਰ ਨਿੱਕਲ ਛੋਲਿਆਂ ਦੀ ਹਰੀ ਟਾਟ ਹੀ ਆਉਂਦੀ ਏ।

ਆਤਰ ਪੂਜਾਂ

ਪਾਤਰ ਪੂਜਾਂ

ਫੇਰ ਪੂਜਾਂ ਸਗਰੀ

ਬਿਨਾਂ ਪਾਤ ਕੋਈ ਛਟੀ ਲਿਆਵੇ

ਤਾਂ ਬੜੇ ਸਾਡੀ ਨਗਰੀ

(ਕੰਵਲ ਦੀ ਡੰਡੀ ਜਾਂ ਕਸੇਰ)

ਕੰਵਲ ਦੇ ਫੁੱਲ ਪਿੰਡੋਂ ਦੂਰ ਛਪੜਾਂ ਵਿਚ ਹੁੰਦੇ ਹਨ। ਪਾਲੀ ਹੀ ਪਸ਼ੂਆਂ ਨੂੰ ਪਾਣੀ ਪਿਲਾਣ ਗਏ ਦਰਸ਼ਨ ਕਰਦੇ ਹਨ ਇਨ੍ਹਾਂ ਦੇ।

ਬਾਹਰ ਪਾਲੀਆਂ ਦਾ ਕਈ ਪ੍ਰਕਾਰ ਦੇ ਬ੍ਰਿਛਾਂ ਨਾਲ ਵਾਹ ਪੈਂਦਾ ਹੈ। ਇਨ੍ਹਾਂ ਬ੍ਰਿਛਾਂ ਨੂੰ ਉਹ ਆਪਣੀਆਂ ਬੁਝਾਰਤਾਂ ਦਾ ਵਿਸ਼ਾ ਬਣਾ ਲੈਂਦੇ ਹਨ। ਕਿਸੇ ਨੇ ਪੱਤਿਆਂ ਤੋਂ ਬਿਨਾਂ ਕਰੀਰ ਦਾ ਦਰੱਖ਼ਤ ਵੇਖਿਆ, ਝਟ ਬੁਝਾਰਤ ਰਚ ਲਈ :-

ਹਰਾ ਫੁਲ, ਮੁਢ ਕੇਸਰੀ
ਬਿਨਾ ਪੱਤਾਂ ਦੇ ਛਾਂ
ਰਾਜਾ ਪੁੱਛੇ ਰਾਣੀ ਨੂੰ
ਕੀ ਬ੍ਰਿਛ ਦਾ ਨਾਂ ?

(ਕਰੀਰ)

ਜਾਂ

ਜੜ ਹਰੀ ਫੁੱਲ ਕੇਸਰੀ
ਬਿਨ ਪੱਤਾਂ ਦੇ ਛਾਂ
ਜਾਂਦਾ ਰਾਹੀ ਸੌਂ ਗਿਆ
ਤੱਕ ਕੇ ਗੂੜ੍ਹੀ ਛਾਂ

(ਕਰੀਰ ਦਾ ਦਰਖਤ)

ਸਣ ਦੇ ਪੱਕ ਚੁਕੇ ਖੇਤ ਦੇ ਨਜ਼ਦੀਕ ਮੱਝਾਂ ਚਾਰਦਾ ਪਾਲੀ ਹਵਾ ਦੇ ਬੁੱਲੇ ਨਾਲ ਇਕ ਅਨੋਖਾ ਜਿਹਾ ਰਾਗ ਸੁਣਦਾ ਹੈ। ਝੱਟ ਬੁਝਾਰਤ ਸੁੱਝ ਜਾਂਦੀ ਹੈ :-

ਆਂਡੇ ਸੀ ਜਦ ਬੋਲਦੇ ਸੀ
ਬੱਚੇ ਬੋਲਣੋਂ ਰਹਿ ਗਏ
ਮੂਰਖਾਂ ਨੇ ਕੀ ਬੁੱਝਣੀ
ਚਤਰ ਬੁਝਣੋਂ ਰਹਿ ਗਏ

(ਸਣ ਦੇ ਬੀਜਾਂ ਦਾ ਗੁੱਛਾ)

ਬੇਰੀਆਂ ਤੇ ਪਸਰੀ ਹੋਈ ਅਮਰ-ਬੇਲ ਵੀ ਪਾਲੀ ਦੀਆਂ ਕਲਾਤਮਕ ਅੱਖਾਂ ਤੋਂ ਬਚਦੀ ਨਹੀਂ :-

ਇਕ ਦਰੱਖਤ ਕਲਕੱਤੇ
ਨਾ ਉਹਨੂੰ ਜੜ ਨਾ ਪੱਤੇ

(ਅਮਰ ਬੇਲ)

ਪਿੰਡੋਂ ਦੂਰ ਢੱਕੀ ਵਿਚ ਕੇਸੂ ਦੇ ਫੁੱਲ ਖਿੜਦੇ ਹਨ। ਖਿੜੇ ਫੁੱਲ ਮੱਝਾਂ ਚਾਰਦੇ ਪਾਲੀ ਨੂੰ ਚੰਗੇ ਲਗਦੇ ਹਨ। ਸਵਾਏ ਉਸ ਤੋਂ ਇਨ੍ਹਾਂ ਨੂੰ ਕੋਈ ਮਾਣਦਾ ਨਹੀਂ। ਢੱਕੀ ਵਿਚ ਜਾਣ ਤੋਂ ਬਹੁਤ ਲੋਕੀ ਡਰਦੇ ਹਨ। ਪਿੰਡ ਦਾ ਹਕੀਮ ਕਦੇ ਕਦੇ ਪਾਲੀ ਪਾਸੋਂ ਹੀ ਇਨ੍ਹਾਂ ਫੁੱਲਾਂ ਨੂੰ ਕਿਸੇ ਦਵਾਈ ਵਿੱਚ ਪਾਣ ਲਈ ਮੰਗਵਾਂਦਾ ਹੈ :-

ਉੱਚੀ ਟਾਹਲੀ ਤੋਤਾ ਬੈਠਾ
ਗਰਦਨ ਓਹਦੀ ਕਾਲੀ,
ਆਕੇ ਬੁੱਝੂ ਪੰਡਤ ਪਾਧਾ
ਜਾਂ ਬੁੱਝੂ ਕੋਈ ਪਾਲੀ।

(ਕੇਸੂ ਦੇ ਫੁੱਲ)

ਬਾਹਰ ਪਾਲੀ ਨੂੰ ਕਈ ਦਫਾ ਪੀਲੂਆਂ ਨਾਲ ਹੀ ਭੁੱਖ ਮਿਟਾਉਣੀ ਪੈਂਦੀ ਹੈ:-

ਰੜੇ ਮੈਦਾਨ ਸ਼ੀਂਹ ਡਿੱਠਾ
ਹੱਡੀਆਂ ਕੌੜੀਆਂ ਮਾਸ ਮਿੱਠਾ।

(ਪੀਲੂ)

ਖੇਤਾਂ ਵਿਚ ਖੜੀ ਬੱਬੜ ਅਤੇ ਕਾਹੀ ਵੀ ਬੁਝਾਰਤਾਂ ਦਾ ਵਿਸ਼ਾ ਬਣ ਜਾਂਦੀ ਹੈ :-

ਵਿੰਗ ਤੜਿੰਗੀ ਲਕੜੀ
ਉਤੇ ਬੈਠਾ ਕਾਜ਼ੀ
ਭੇਡਾਂ ਦਾ ਸਿਰ ਮੁੰਨਦਾ
ਮੀਢਾ ਹੋ ਗਿਆ ਰਾਜੀ।

(ਕਾਹੀ)

ਜਾਂ

ਰੜੇ ਮੈਦਾਨ ਵਿਚ
ਬੁੜ੍ਹੀ ਸਿਰ ਖੰਡਾਈ ਬੈਠੀ ਏ

(ਬੱਬੜ)

ਅੱਕ ਦਾ ਵਰਣਨ ਵੀ ਤਾਂ ਪ੍ਰਸੰਸਾ ਯੋਗ ਹੈ :-

ਅੰਬ ਅੰਬਾਲੇ ਦੇ
ਫੁਲ ਪਟਿਆਲੇ ਦੇ
ਰੂੰ ਜਗਰਾਂਵਾਂ ਦੀ
ਜੜ ਇੱਕੋ।

(ਅੱਕ)

ਬੇਰੀਆਂ ਨੂੰ ਬੂਰ ਪੈਣ ਸਮੇਂ ਮੋਤੀਆਂ ਦਾ ਭੁਲੇਖਾ ਪੈਂਦਾ ਹੈ। ਪਰ ਹਵਾ ਦਾ ਬੁੱਲਾ ਮੋਤੀ ਝਾੜ ਹੀ ਦੇਂਦਾ ਹੈ :-

ਬਾਤ ਪਾਵਾਂ
ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਮੋਤੀ
ਸਾਰੇ ਮੋਤੀ ਝੜ ਗਏ
ਬਾਤ ਰਹੀ ਖੜੀ ਖੜੋਤੀ

(ਬੇਰੀ)

ਬੇਰੀਆਂ ਨੂੰ ਲਾਲ ਲਾਲ ਬੇਰ ਲੱਗਣ ਸਮੇਂ ਸਾਰਾ ਜਹਾਨ ਇੱਟਾਂ ਪੱਥਰ ਲੈ ਇਨ੍ਹਾਂ ਦੀ ਪੇਸ਼ ਪੈ ਜਾਂਦਾ ਹੈ :-

ਹਰੀ ਸੀ ਮਨ ਭਰੀ ਸੀ
ਬਾਵਾ ਜੀ ਦੇ ਖੇਤ ਵਿਚ
ਦੁਸ਼ਾਲਾ ਲਈ ਖੜੀ ਸੀ,
ਜਦ ਤੋਂ ਪਹਿਨਿਆ ਸੂਹਾ ਬਾਣਾ

ਜੱਗ ਨੀ ਛਡਦਾ ਬੱਚੇ ਖਾਣਾ।

(ਬੇਰੀਆਂ ਦੇ ਬੇਰ)

ਜੇ ਕੋਈ ਨੰਗੇ ਪੈਰੀਂ ਭੱਤਾ ਲੈ ਕੇ ਜਾਵੇ ਤਾਂ ਕਈ ਵਾਰੀ ਖੇਤਾਂ ਵਿੱਚੋਂ ਭੱਖੜੇ ਦੇ ਕੰਡੇ ਮਲੂਕ ਪੈਰਾਂ ਵਿਚ ਚੁਭ ਜਾਂਦੇ ਹਨ। ਭੱਤੇ ਵਾਲੀ ਫੇਰ ਭਖੜੇ ਬਾਰੇ ਬੁਝਾਰਤ ਘੜ ਲੈਂਦੀ ਹੈ :-

ਗੱਭਰੂ ਜੁਆਨ
ਮੁੰਡਾ ਕੌਂਤਕੀ

(ਭੱਖੜਾ)

ਜਾਂ

ਨਿਕਾ ਜਿਹਾ ਬਹਿੜਕਾ
ਸਿੰਗਾਂ ਤੋਂ ਨਹਿੜਕਾ
ਦੇਖੋ ਬੁੜ੍ਹੀਓ ਮਾਰਦਾ
ਖੂਨ ਗੁਜਾਰਦਾ

(ਭੱਖੜਾ)

ਅਤੇ

ਛੋਟਾ ਜਿਹਾ ਬਹਿੜਕਾ
ਸਿੰਗਾਂ ਤੋਂ ਨਾਰਾ
ਜੇ ਮਾਰੇ ਤਾਂ ਕਰ ਦੇਵੇ ਕਾਰਾ

(ਭੱਖੜਾ)

ਜੇਕਰ ਬੁਝਾਰਤਾਂ ਪਾਉਣ ਵਾਲਾ ਕੋਈ ਅਫ਼ੀਮੀ ਹੋਵੇ ਤਾਂ ਉਸ ਨੂੰ ਪੋਸਤ ਬਾਰੇ ਹੀ ਬੁਝਾਰਤਾਂ ਸੁਝਦੀਆਂ ਹਨ :-

ਹਰਾ ਪੱਤ
ਪੀਲਾ ਪੱਤ
ਉੱਤੇ ਬੈਠਾ

ਘੁੱਕਰ ਜੱਟ

(ਪੋਸਤ ਦਾ ਡੋਡਾ)

ਜਾਂ

ਉਹ ਕਬੂਤਰ ਕੈਸਾ
ਜੀਹਦੀ ਚੁੰਝ ਉੱਤੇ ਪੈਸਾ

(ਪੋਸਤ ਦਾ ਡੋਡਾ)

ਹੱਥ ਕੁ ਟਾਂਡਾ
ਬਿਨ ਘੁਮਾਰ
ਘੜਿਆ ਭਾਂਡਾ,
ਐਸੀ ਘੜਨੀ ਕੋਈ ਨਾ ਘੜੇ
ਮਰਦ ਦੇ ਪੇਟ ਇਸਤਰੀ ਪੜੇ

(ਪੋਸਤ ਵਿਚ ਅਫੀਮ)

ਇਸੇ ਇਸਤਰੀ ਦੀ ਖਾਤਰ ਤਾਂ ਸਭ ਕੁਝ ਮਨਜ਼ੂਰ ਹੈ :-

ਪੰਜ ਕੋਹ ਪਟੜੀ
ਪੰਜਾਹ ਕੋਹ ਠਾਣਾ,
ਹੀਰ ਨਹੀਂ ਛੱਡਣੀ
ਕੈਦ ਹੋ ਜਾਣਾ।

ਡੋਡੇ ਪੀਣ ਵਾਲਿਆਂ ਨੂੰ ਤਾਂ ਕਮਲੇ ਹੀ ਸੱਦਿਆ ਜਾਂਦਾ ਹੈ :-

ਲਕੜੀ ਤੇ ਟੋਪੀ
ਤੇ ਟੋਪੀ ਵਿਚ ਚਾਵਲ,
ਚਾਵਲ ਖਾਂਦੇ ਰਮਲੇ
ਤੇ ਟੋਪੀ ਖਾਂਦੇ ਕਮਲੇ।

(ਪੋਸਤ ਦੇ ਡੋਡੇ)

ਇਸ ਸਚਾਈ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਪਿੰਡਾਂ ਵਿਚ ਫਲਾਂ ਨੂੰ ਬਹੁਤ ਘਟ ਥਾਂ ਦਿੱਤੀ ਗਈ ਹੈ। ਇਸ ਦਾ ਵੱਡਾ ਤੇ ਕੁਦਰਤੀ ਕਾਰਨ ਇਹ ਹੈ ਕਿ ਗੰਨਿਆ, ਗਾਜਰਾਂ ਖਰਬੂਜ਼ਿਆਂ ਤੇ ਮੂਲੀਆਂ ਆਦਿ ਨੇ ਇਨ੍ਹਾਂ ਦੀ ਥਾਂ ਨੂੰ ਪੂਰਾ ਕਰ ਦਿੱਤਾ ਹੈ। ਉਂਜ ਇਹ ਮਿਲ ਵੀ ਤਾਂ ਬਿਨਾਂ ਪੈਸਿਆਂ ਤੋਂ ਜਾਂਦੀਆਂ ਹਨ। ਅਜ ਕੱਲ੍ਹ ਸਹਿਰਾਂ ਦੇ ਨੇੜੇ ਦੇ ਪਿੰਡਾਂ ਵਿਚ ਛਾਬੜੀ ਵਾਲੇ ਫਲ ਲੈ ਕੇ ਤਾਂ ਜ਼ਰੂਰ ਜਾਂਦੇ ਹਨ, ਪਰ ਫਲ ਖਰੀਦੇ ਬਹੁਤ ਘੱਟ ਜਾਂਦੇ ਹਨ। ਇਹੀ ਕਾਰਨ ਹੈ ਕਿ ਫਲਾਂ ਬਾਰੇ ਬਹੁਤ ਘੱਟ ਬੁਝਾਰਤਾਂ ਮਿਲਦੀਆਂ ਹਨ।

ਸ਼ਾਇਦ ਅੰਬ ਇਕ ਅਜਿਹਾ ਫਲ ਹੈ ਜਿਹੜਾ ਦੂਸਰੇ ਫਲਾਂ ਦੀ ਨਿਸਬਤ ਸਭ ਤੋਂ ਜ਼ਿਆਦਾ ਵਰਤਿਆ ਜਾਂਦਾ ਹੈ। ਉਂਜ ਇਹ ਮਿਲ ਵੀ ਸਸਤਾ ਹੀ ਜਾਂਦਾ ਹੈ। ਅੰਬ ਬਾਰੇ ਦੋ ਬੁਝਾਰਤਾਂ ਹੇਠ ਦਿੱਤੀਆਂ ਜਾਂਦੀਆਂ ਹਨ :-

ਅਸਮਾਨੋਂ ਡਿਗਿਆ ਬੱਕਰਾ
ਉਹਦੇ ਮੂੰਹ 'ਚੋਂ ਨਿਕਲੀ ਲਾਲ
ਢਿਡ ਪਾੜਕੇ ਦੇਖਿਆ
ਉਹਦੀ ਛਾਤੀ ਉੱਤੇ ਬਾਲ

(ਅੰਬ)

ਜਾਂ

ਕੱਲਰ ਪਿਆ ਪਟਾਕਾ
ਸੁਣ ਗਏ ਦੋ ਜਣੇ
ਜਿਨ੍ਹਾਂ ਨੇ ਸੁਣਿਆ
ਉਨ੍ਹਾਂ ਨੇ ਚੁਕਿਆ ਨਾ
ਚੁਕ ਲੈ ਗਏ ਦੋ ਹੋਰ ਜਣੇ
ਜਿਨ੍ਹਾਂ ਚੁਕਿਆ
ਉਨ੍ਹਾਂ ਖਾਧਾ ਨਾ
ਖਾ ਗਏ ਦੋ ਹੋਰ ਜਣੇ

(ਅੰਬ)

ਬਾਦਾਮਾਂ ਦੀ ਵਰਤੋਂ ਤਾਂ ਪਿੰਡਾਂ ਵਿਚ ਆਮ ਕੀਤੀ ਜਾਂਦੀ ਹੈ। ਔਰਤਾਂ ਦੇ ਜਨਮ ਸਮੇਂ ਜਿਹੜਾ ਦਾਬੜਾ ਆਦਿ ਰਲਾ ਕੇ ਦਿੱਤਾ ਜਾਂਦਾ ਹੈ ਉਸ ਵਿਚ ਵੀ ਬਾਦਾਮਾਂ ਦੀ ਗਿਰੀ ਪਾਈ ਜਾਂਦੀ ਹੈ। ਹੋਰ ਖਾਣ ਵਾਲੇ ਪਦਾਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਗਰਮੀਆਂ ਦੀ ਰੁੱਤੇ ਲੋਕ ਇਨ੍ਹਾਂ ਦੀ ਸਰਦਾਈ ਬਣਾ ਕੇ ਪੀਂਦੇ ਹਨ। ਬਾਦਾਮ ਬਾਰੇ ਇਕ ਬੁਝਾਰਤ ਇਸ ਤਰ੍ਹਾਂ ਹੈ :-

ਹੇਠਾਂ ਕਾਠ

ਉੱਤੇ ਕਾਠ

ਗੱਭੇ ਬੈਠਾ

ਜਗਨ ਨਾਥ

(ਬਾਦਾਮ)

ਵਿਆਹ ਸ਼ਾਦੀਆਂ ਸਮੇਂ ਜਾਂ ਹੋਰ ਧਾਰਮਕ ਰਸਮਾਂ ਅਦਾ ਕਰਨ ਸਮੇਂ ਜਿਵੇਂ ਯਗ ਆਦਿ ਕਰਨ ਸਮੇਂ ਨਾਰੀਅਲ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਉਪਰੰਤ ਇਸ ਨੂੰ ਹੋਰਨਾਂ ਘਰੇਲੂ ਖਾਣ ਵਾਲੇ ਪਦਾਰਥਾਂ ਵਿਚ ਵੀ ਵਰਤ ਲਿਆ ਜਾਂਦਾ ਹੈ।

ਨਾਰੀਅਲ ਬਾਰੇ ਇਕ ਬੁਝਾਰਤ ਕਿਸੇ ਨੇ ਇਸ ਤਰ੍ਹਾਂ ਰਚੀ ਹੈ :-

ਵੇਖੋ ਯਾਰੋ

ਕਟੋਰੇ ਵਿਚ ਕਟੋਰਾ

ਪੁੱਤਰ ਪਿਓ ਤੋਂ ਵੀ ਗੋਰਾ

(ਨਾਰੀਅਲ)

ਜਦ ਕਿਸੇ ਨੇ ਪਹਿਲੀ ਵਾਰੀ ਅਨਾਰ ਨੂੰ ਤਕਿਆ। ਉਸ ਨੂੰ ਅਨਾਰ ਦੇ ਦੁੱਧ ਚਿੱਟੇ ਦਾਣੇ ਕਿਸੇ ਬੱਚੇ ਦੇ ਦੁੱਧ ਚਿੱਟੇ ਦੰਦ ਜਾਪੇ :-

ਮੂੰਹ ਬੰਦ

ਢਿਡ ਵਿਚ ਦੰਦ

(ਅਨਾਰ)

ਜਿੱਥੇ ਕੁਦਰਤ ਨੇ ਸੰਗਤਰਾ ਬਨਾਣ ਵਿਚ ਆਪਣਾ ਕਮਾਲ ਵਿਖਾਇਆ ਹੈ ਓਥੇ ਕਿਸੇ ਪੇਂਡੂ ਰਸਕ ਮਨ ਨੇ ਵੀ ਸੰਗਤਰੇ ਬਾਰੇ ਬੁਝਾਰਤ ਰਚਣ ਵਿਚ ਕਸਰ ਨਹੀਂ ਛੱਡੀ। ਦੋਨੋਂ ਹੀ ਪ੍ਰਸੰਸਾ ਯੋਗ ਹਨ :-

ਇਕ ਖੂਹ ਵਿਚ
ਨੌਂ ਦਸ ਪਰੀਆਂ
ਜਦ ਤੱਕੋ
ਸਿਰ ਜੋੜੀ ਖੜੀਆਂ
ਜਦੋਂ ਖੋਹਲਿਆ
ਖੂਹ ਦਾ ਪਾਟ
ਦਿਲ ਕਰਦੈ
ਸਭ ਕਰ ਜਾਂ ਚਾਟ

(ਸੰਗਤਰਾ)

♦♦♦

# ਅੰਬਰ ਜਾਏ

ਕੁਦਰਤੀ ਸ਼ਕਤੀਆਂ ਦਾ ਪ੍ਰਭਾਵ ਮਨੁੱਖੀ ਹਿਰਦੇ ਤੇ ਪਿਆ। ਇਸੇ ਪ੍ਰਭਾਵ ਦਾ ਸਦਕਾ ਮਨੁੱਖ ਇਨ੍ਹਾਂ ਨੂੰ ਦੇਵਤੇ ਬਣਾ ਕੇ ਪੂਜਣ ਲੱਗ ਪਿਆ। ਸੂਰਜ ਨੂੰ ਉਨ੍ਹਾਂ ਸੂਰਜ ਦੇਵਤਾ, ਆਖਿਆ, ਅੱਗ ਨੂੰ ਉਨ੍ਹਾਂ ਅਗਨੀ ਦੇਵਤੇ ਦਾ ਨਾਂ ਦਿੱਤਾ। ਇਸ ਪ੍ਰਕਾਰ ਵੱਖ-ਵੱਖ ਸ਼ਕਤੀਆਂ ਦੇ ਵੱਖ-ਵੱਖ ਨਾਂ ਦਿਤੇ ਗਏ। ਫੇਰ ਸਾਇੰਸ ਦਾ ਯੁਗ ਆਇਆ। ਸਾਇੰਸਦਾਨਾਂ ਨੇ ਇਨ੍ਹਾਂ ਦੀ ਜਾਣਕਾਰੀ ਲਈ ਦਿਨ ਰਾਤ ਇਕ ਕਰ ਛੱਡੇ, ਸੂਰਜ ਕੀ ਹੈ ? ਚੰਦ ਤਾਰੇ ਕੀ ਹਨ ? ਬਾਰਸ਼ ਕਿਵੇਂ ਪੈਦਾ ਹੁੰਦੀ ਹੈ ? ਹਵਾ ਕਿਹੜੀ ਸ਼ੈਅ ਹੈ ? ਆਦਿ ਪ੍ਰਸ਼ਨਾਂ ਬਾਰੇ ਸੈਂਕੜੇ ਖੋਜਾਂ ਕੀਤੀਆਂ ਗਈਆਂ।

ਪਰ ਬੁਝਾਰਤਾਂ ਦੇ ਪੇਂਡੂ ਅਨਪੜ੍ਹ ਮਨ ਨੂੰ ਇਨ੍ਹਾਂ ਪ੍ਰਸ਼ਨਾਂ ਬਾਰੇ ਕੀ ? ਉਹ ਤਾਂ ਜਾਣਦਾ ਹੈ ਇਨ੍ਹਾਂ ਸ਼ਕਤੀਆਂ ਨੂੰ ਆਪਣੀਆਂ ਮਨੋਰੰਜਕ ਬੁਝਾਰਤਾਂ ਦਾ ਵਿਸ਼ਾ ਬਣਾਉਣਾ। ਉਹ ਚੰਦ ਸੂਰਜ ਨੂੰ ਸਮੁੰਦਰੋਂ ਪਾਰ ਤੋਂ ਆਏ ਅੰਗਰੇਜ਼ ਸਮਝਦਾ ਹੈ :-

ਪਾਰੋਂ ਆਏ ਦੋ ਅੰਗਰੇਜ਼
ਇਕ ਮਿੱਠਾ ਇਕ ਤੇਜ਼

(ਚੰਦ ਸੂਰਜ)

ਅਤੇ

ਨੀਲੀ ਟਾਕੀ ਦੋ ਕਨਾਰੇ
ਵੱਡਾ ਸ਼ਹਿਰ ਦੋ ਬਣਜਾਰੇ

(ਚੰਦ ਸੂਰਜ)

ਸੂਰਜ ਦਿਨ ਦਾ ਸਫਰ ਮੁਕਾ ਪੱਛਮ ਦੀ ਕੁੱਖ ਵਿਚ ਜਾ ਛਿਪਦਾ ਹੈ। ਛਿਪਣ ਤੇ ਕੋਈ ਬੁਝਾਰਤ ਦਾ ਰਸੀਆ ਸੂਰਜ ਦੀ ਭਾਲ ਕਰਦਾ ਹੈ :-

ਚਾਂਦੀ ਦਾ ਮੁਖੜਾ
ਸੋਨੇ ਦੀਆਂ ਮੁੱਛਾਂ
ਰਾਮ ਜੀ ਲੈ ਗਿਆ
ਮੈਂ ਕੀਹਨੂੰ ਕੀਹਨੂੰ ਪੁੱਛਾਂ

(ਸੂਰਜ)

ਕਾਲੋਂ ਭਰੀ ਰਾਤ ਸਮੇਂ ਟਿਮਟਿਮਾਂਦੇ ਤਾਰੇ ਪਿਆਰੇ ਪਿਆਰੇ, ਚੰਗੇ ਚੰਗੇ ਲਗਦੇ ਹਨ। ਦਿਨ ਚੜ੍ਹਦਾ ਹੈ ਸੂਰਜ ਦੀ ਪਹਿਲੀ ਕਿਰਨ ਹੀ ਆਪਣੀ ਬੁੱਕਲ ਵਿਚ ਲੁਕੋ ਲੈਂਦੀ ਹੈ ਉਨ੍ਹਾਂ ਨੂੰ :-

ਨੀਲੀ ਟਾਕੀ
ਚਾਵਲ ਬੱਧੇ
ਦਿਨੇ ਗੁਆਚੇ
ਰਾਤੀਂ ਲੱਭੇ

(ਤਾਰੇ)

ਜਿਨ੍ਹਾਂ ਪੁਰਸ਼ਾਂ ਨੂੰ ਚਾਂਦੀ ਦੇ ਰੁਪਿਆਂ ਨਾਲ ਪ੍ਰੇਮ ਹੁੰਦਾ ਹੈ। ਉਹ ਨੀਲ ਗਗਨ ਤੇ ਚਮਕਦੇ ਤਾਰਿਆਂ ਨੂੰ ਰੁਪਿਆਂ ਨਾਲ ਭਰੀ ਥਾਲੀ ਨਾਲ ਤੁਲਨਾ ਦੇਂਦੇ ਹਨ :-

ਰੜੇ ਮੈਦਾਨ ਵਿਚ
ਰੁਪਿਆਂ ਦੀ ਥਾਲੀ
ਭਰੀ ਪਈ ਏ

(ਤਾਰੇ)

ਰੁਪਏ ਤਾਂ ਗਿਣੇ ਜਾ ਸਕਦੇ ਹਨ, ਪਰ ਤਾਰਿਆਂ ਦੀ ਗਿਣਤੀ ਭਲਾ ਕੌਣ ਕਰ ਸਕਦੈ :-

ਥਾਲੀ ਭਰੀ ਰੁਪਿਆਂ ਦੀ

ਪਰ ਗਿਣੀ ਨਾ ਜਾਏ

ਸੂਰਜ, ਚੰਦ, ਤਾਰਿਆਂ ਬਾਰੇ ਇੱਕ ਸਮੁੱਚੀ ਬੁਝਾਰਤ ਇਸ ਤਰ੍ਹਾਂ ਵੀ ਪਾਈ ਜਾਂਦੀ ਹੈ :-

ਚੋਰ ਦੀ ਮਾਂ ਦਾ

ਕੋਠੀ 'ਚ ਮੂੰਹ

(ਸੂਰਜ, ਚੰਦ, ਸਤਾਰੇ)

ਦਿਨ ਰਾਤ ਬਾਰੇ ਵੀ ਕਿਸੇ ਨੇ ਬੁਝਾਰਤ ਇਸ ਤਰ੍ਹਾਂ ਘੜ ਲਈ :-

ਇਕ ਦਰੱਖ਼ਤ ਦੇ ਪੱਤੇ

ਇਕ ਬੰਨੇ ਕਾਲੇ ਦੂਜੇ ਬੰਨੇ ਚਿੱਟੇ

ਅਸਮਾਨੀਂ ਬੱਦਲ ਗਰਜਦੇ ਹਨ। ਬਿਜਲੀ ਕੜਕਦੀ ਹੈ। ਬਿਜਲੀ ਚਮਕਣ ਦਾ ਸਮਾਂ ਅਤੇ ਗੜ ਗੜ ਦੀ ਆਵਾਜ਼ ਨੂੰ ਕਿਸੇ ਨੇ ਬੁਝਾਰਤ ਵਿਚ ਇਸ ਤਰ੍ਹਾਂ ਉਲੀਕਿਆ ਹੈ :-

ਕਾਲੀ ਤੌੜੀ

ਲਾਲ ਗੱਪਾ

ਸਣੇ ਤੌੜੀ

ਇਕ ਖੜੱਪਾ

(ਬਿਜਲੀ)

ਗੂੜੀ ਨੀਂਦਰ ਵਿਚ ਸੁੱਤੇ ਹੋਇਆਂ ਨੂੰ ਬਰਸਾਤ ਸਮੇਂ ਬਾਰਸ਼ ਦੀਆਂ ਕਣੀਆਂ ਜਗਾ ਦੇਂਦੀਆਂ ਹਨ। ਜਾਗਣ ਵਾਲਾ ਸਮਝਦਾ ਹੈ ਕਿ ਪ੍ਰਮਾਤਮਾ ਨੇ ਆਪ ਬਾਰਸ਼ ਘਲ ਕੇ ਸਾਨੂੰ ਜਗਾਇਆ ਹੈ :-

ਹਰੇ ਮੈਦਾਨ ਵਿਚ ਡਾਂਗਾਂ ਖੜੀਆਂ

ਉੱਤੇ ਨੀਲੇ ਧਾਗੇ

ਰਾਮ ਜੀ ਨੇ ਸੁਨੇਹੇ ਘੱਲੇ
ਸੁੱਤੇ ਲੋਕ ਜਾਗੋ

(ਬਾਰਸ਼)

ਬਾਰਸ਼ ਬਾਰੇ ਇਕ ਹੋਰ ਬੁਝਾਰਤ ਹੈ। ਜਦ ਇਹ ਬੁਝਾਰਤ ਪਾਈ ਜਾਂਦੀ ਹੈ ਤਾਂ ਇਕੋ ਪੱਧਰ ਦੀਆਂ ਨਾਲ ਲਗਦੀਆਂ ਛੱਤਾਂ ਦੇ ਵਾਯੂਮੰਡਲ ਵਿੱਚ ਹਾਸਾ ਪ੍ਰਧਾਨ ਹੋ ਜਾਂਦਾ ਹੈ। ਹਸਦਿਆਂ ਹਸਦਿਆਂ ਕਈਆਂ ਦੀਆਂ ਵੱਖੀਆਂ ਦੂਹਰੀਆਂ ਹੋ ਜਾਂਦੀਆਂ ਹਨ :-

ਕੀੜੀ ਗਿਰਾਂ ਅਸਮਾਨ ਚੋਂ
ਚੁਕਣ ਆਏ ਚਮਾਰ
ਨੌਂ ਸੌ ਜੁੱਤੀ ਬਣ ਗਈ
ਛਾਂਟੇ ਕਈ ਹਜ਼ਾਰ

(ਬਾਰਸ਼)

ਬਾਰਸ਼ ਦੇ ਨਾਲ ਕਈ ਵੇਰੀ ਹਨੇਰੀ ਤੇ ਗੋਲੇ ਜਾਂ ਗੜ੍ਹੇ ਵੀ ਆਉਂਦੇ ਹਨ। ਫਸਲਾਂ ਨੂੰ ਗੋਲੇ ਕਾਫੀ ਨੁਕਸਾਨ ਪੁਚਾਉਂਦੇ ਹਨ ਪਰ ਬੱਚੇ ਇਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਨ। ਇਨ੍ਹਾਂ ਬਾਰੇ ਕਿਸੇ ਬੱਚੇ ਨੇ ਇਕ ਬੁਝਾਰਤ ਇਸ ਤਰ੍ਹਾਂ ਘੜ ਲਈ ਹੈ :-

ਰਾਜੇ ਦੇ ਰਾਜ 'ਚ ਨਹੀਂ
ਬਾਵੇ ਦੇ ਬਾਗ 'ਚ ਨਹੀਂ
ਉਹ ਫਲ ਖਾਣਾ
ਜੀਹਦੇ 'ਚ ਹਿੜ੍ਹਕ ਨਹੀਂ

(ਗੋਲੇ)

ਬਰਸਾਤ ਦੇ ਦਿਨੀਂ ਕੋਈ ਖੂਹ ਉੱਤੋਂ ਪਾਣੀ ਲੈਣ ਲਈ ਜਾਂਦੀ ਹੈ ਰਸਤੇ ਵਿਚ ਇਕ ਦਮ ਬਾਰਸ਼ ਦਾ ਸਰਾਟਾ ਆ ਜਾਂਦਾ ਹੈ। ਭਿੱਜਣ ਤੋਂ ਡਰਦੀ ਉਹ ਕਿਸੇ ਘਰ ਛਿਪ ਜਾਂਦੀ ਹੈ। ਜਿੰਨਾ ਚਿਰ ਬਾਰਸ਼ ਪੈਂਦੀ ਰਹਿੰਦੀ ਹੈ ਉਹ ਬਾਹਰ

ਨਹੀਂ ਨਿਕਲਦੀ। ਬਾਰਸ਼ ਹਟ ਜਾਂਦੀ ਹੈ ਤਾਂ ਉਹ ਪਾਣੀ ਲੈ ਕੇ ਘਰ ਨੂੰ ਪਰਤਦੀ ਹੈ। ਇਸ ਘਟਨਾ ਨੂੰ ਉਸ ਨੇ ਬੁਝਾਰਤ ਦਾ ਇਸ ਤਰ੍ਹਾਂ ਦਾ ਰੂਪ ਦਿੱਤਾ ਹੈ :-

ਜੀਹਨੂੰ ਮੈਂ ਗਈ
ਓਹੀ ਮੈਨੂੰ ਪਿਆ
ਪਿਆ ਤਾਂ ਮੈਂ ਲੁਕ ਗਈ
ਗਿਆ ਤਾਂ ਮੈਂ ਲਿਆ

(ਪਾਣੀ)

ਬਾਰਸ਼ ਪੈਣ ਤੋਂ ਮਗਰੋਂ ਜੇ ਅਸਮਾਨ ਬੱਦਲਾਂ ਵਲੋਂ ਸਾਫ ਹੋਵੇ ਤਾਂ ਰਾਤ ਸਮੇਂ ਤ੍ਰੇਲ ਮੀਂਹ ਵਾਂਗ ਹੀ ਪੈਂਦੀ ਹੈ। ਤ੍ਰੇਲ ਬਾਰੇ ਕਿਸੇ ਨੇ ਇਸ ਤਰ੍ਹਾਂ ਬੁਝਾਰਤ ਰਚੀ ਹੈ :-

ਇਕ ਸਮੁੰਦਰ ਮੈਂ ਦੇਖਿਆ
ਹਾਥੀ ਮਲ ਮਲ ਨ੍ਹਾਏ
ਘੜਾ ਡੋਬਿਆਂ ਨਾ ਡੁਬੇ
ਚਿੜੀ ਤਿਹਾਈ ਜਾਏ

(ਤ੍ਰੇਲ)

ਜਦ ਤੀਕਰ ਰੌਸ਼ਨੀ ਹੋਵੇ ਛਾਂ ਖ਼ਤਮ ਨਹੀਂ ਕੀਤੀ ਜਾ ਸਕਦੀ। ਇਸ ਅਸਲੀਅਤ ਨੂੰ ਬੁਝਾਰਤ ਨੇ ਇਸ ਤਰ੍ਹਾਂ ਅਪਣਾਇਆ ਹੈ :-

ਅਮਰ ਵੇਲ
ਅਮਰ ਵੇਲ
ਕਹੀਆਂ ਕੁਹਾੜੇ ਟੁੱਟ ਜਾਂਦੇ
ਵੱਢੀ ਨਾ ਜਾਵੇ ਅਮਰ ਵੇਲ

(ਛਾਂ)

ਹਵਾਂ ਨੂੰ ਵੀ ਤਾਂ ਅਸੀਂ ਮਹਿਸੂਸ ਕਰਦੇ ਹਾਂ। ਹਵਾ ਦਾ ਵਰਨਣ ਲੋਕ-ਬੁਝਾਰਤਾਂ ਵਿਚ ਆ ਜਾਣਾ ਕੁਦਰਤੀ ਹੀ ਹੈ :-

ਤੁਰਦਾ ਹਾਂ ਪਰ ਪੈਰ ਨਹੀਂ
ਦੇਵਾਂ ਸਭ ਨੂੰ ਜਾਨ
ਦੋਹ ਲਫ਼ਜ਼ਾਂ ਦੀ ਚੀਜ਼ ਹਾਂ
ਬੁੱਝੋ ਮੇਰਾ ਨਾਮ

(ਹਵਾ)

ਹਵਾ ਦੀ ਉਡਾਨ ਬਾਰੇ ਇਕ ਹੋਰ ਬੁਝਾਰਤ ਹੈ :-

ਵਿਚ ਅਸਮਾਨੇ ਉਡਦੀ ਜਾਵਾਂ
ਪੈਰ ਨਾ ਮੇਰਾ ਕੋਈ
ਸਭ ਮੇਰੇ ਵਿਚ ਹੋ ਗਏ
ਮੈਂ ਸਭਨਾਂ ਦੀ ਹੋਈ

(ਹਵਾ)

ਅੱਗ ਨਾਲ ਵੀ ਸਾਡਾ ਸਿੱਧਾ ਵਾਹ ਪੈਂਦਾ ਹੈ। ਅੱਗ ਦੀ ਇੱਕੋ ਇਕ ਅੰਗਾਰੀ ਸਾਰੇ ਪਿੰਡ ਲਈ ਅਗਨੀ ਦੇਣ ਦੀ ਸ਼ਕਤੀ ਰਖਦੀ ਹੈ :-

ਇੰਨੀ 'ਕ ਰਾਈ
ਸਾਰੇ ਪਿੰਡ 'ਚ ਖਿੰਡਾਈ

(ਅੱਗ)

ਅੱਗ ਬਲਣ ਤੋਂ ਪਹਿਲਾਂ ਧੂਆਂ- ਜਿਹੜਾਂ ਕਿ ਅੱਗ ਦਾ ਪੁੱਤਰ ਹੈ- ਜਨਮ ਲੈਂਦਾ ਹੈ। ਧੂਏਂ ਬਾਰੇ ਵੀ ਕਈ ਇਕ ਬੁਝਾਰਤਾਂ ਹਨ :-

ਮੁਢ ਮਢੇਲਾ.
ਮੁਢ ਤੇ ਬੈਠਾਂ ਕਾਂ

ਪਹਿਲਾਂ ਜੰਮਿਆ ਪੁੱਤਰ
ਪਿੱਛੋਂ ਜੰਮੀਂ ਮਾਂ

(ਧੂੰਆਂ)

ਅਤੇ

ਮਾਂ ਜੰਮੀ ਨਾ ਜੰਮੀ
ਪੁੱਤ ਕੋਠੇ ਤੇ

(ਧੂੰਆਂ)

ਜਦ ਕੋਈ ਅੱਗ ਬਾਲਦੀ ਹੈ ਤਾਂ ਧੂੰਆਂ ਦੂਜੀ ਗੁਆਂਢਣ ਦੇ ਜਾ ਵੜਦਾ ਹੈ। ਟਿਕਚਰ ਕਰਨ ਵਜੋਂ ਕੋਈ ਆਖ ਹੀ ਦੇਂਦੀ ਏ :-

ਬਾਬਾ ਆਇਆ ਸਾਡੇ ਘਰ
ਟੰਗ ਫਸਾਲੀ ਥੋਡੇ ਘਰ

(ਧੂੰਆਂ)

♦♦♦

# ਜੀਵ ਜੰਤੂ

ਧਰਤੀ ਤੇ ਵਿਚਰਦੇ ਅਨੇਕਾਂ ਜੀਵ ਜੰਤੂ ਮਨੁਖ ਨੂੰ ਹਾਣ ਅਤੇ ਲਾਭ ਪਚਾਉਂਦੇ ਹੀ ਰਹਿੰਦੇ ਹਨ। ਜਿਥੇ ਮਨੁੱਖ ਧਰਤੀ ਬਾਰੇ ਕੁਝ ਕਹਿੰਦਾ ਸੁਣਦਾ ਹੈ ਉਥੇ ਉਹ ਇਨ੍ਹਾਂ ਜੀਵ ਜੰਤੂਆਂ ਨੂੰ ਆਪਣੇ ਦਿਲੋਂ ਵਿਸਾਰਦਾ ਨਹੀਂ। ਲੋਕ-ਬੁਝਾਰਤਾਂ ਦਾ ਅਖਾੜਾ ਲਗਦਾ ਹੈ, ਧਰਤੀ ਦੀਆਂ ਗੱਲਾਂ ਹੁੰਦੀਆਂ ਹਨ, ਅੰਬਰਾਂ ਨਾਲ ਨਾਤੇ ਜੋੜੇ ਜਾਂਦੇ ਹਨ। ਇਕ ਨਹੀਂ ਅਨੇਕਾਂ ਬੁਝਾਰਤਾਂ ਰਾਹੀਂ ਜੀਵਾਂ ਜੰਤੂਆਂ ਨੂੰ ਅਖਾੜੇ ਵਿਚ ਸੱਦਿਆ ਜਾਂਦਾ ਹੈ।

ਮੱਝ ਆਪਣੇ ਬਾਰੇ ਆਪ ਆਖਦੀ ਹੈ :-

ਚਾਰ ਭਾਈ ਮੇਰੇ ਸੋਹਣੇ ਮੋਹਣੇ
ਚਾਰ ਭਾਈ ਮੇਰੇ ਮਿੱਟੀ ਢੋਣੇ
ਨੌਂਵੀਂ ਭੈਣ ਮੇਰੀ ਪੱਖੀ ਝੱਲਣੀ

ਇਹ ਹਨ ਮੱਝ ਦੇ ਚਾਰ ਸੋਹਣੇ ਥਣ, ਚਾਰ ਮਿੱਟੀ ਢੋਣੇ ਪੈਰ ਅਤੇ ਨੌਂਵੀਂ ਪੱਖੀ ਝੁੱਲਣੀ ਪੂਛ :-

ਇਸੇ ਕਰਕੇ ਮੱਝ ਦੇ ਚਾਰ ਥਣ ਕਿਸੇ ਨੂੰ ਬੈਂਗਣ ਅਤੇ ਬਕਰੀ ਦੇ ਦੋ ਥਣ ਤੋਰੀਆਂ ਜਾਪਦੀਆਂ ਹਨ :-

ਚਾਰ ਬੈਂਗਣ
ਦੋ ਤੋਰੀਆਂ

(ਬੱਕਰੀ ਤੇ ਮੱਝ)

ਸੂਰੀ, ਕੁੱਤੀ, ਮੱਝ ਅਤੇ ਬੱਕਰੀ ਦੇ ਥਣਾਂ ਦੀ ਕੋਈ ਸਮੁੱਚੀ ਗਿਣਤੀ ਕਰ ਦੇਂਦਾ ਹੈ। ਸੂਰੀ ਦੇ ਥਣਾਂ ਦੀ ਗਿਣਤੀ ਬਾਰਾਂ, ਕੁੱਤੀ ਦੇ ਠਾਰਾਂ, ਮੱਝ ਦੇ ਚਾਰ ਅਤੇ ਬੱਕਰੀ ਦੇ ਦੋ ਦੀ ਹੁੰਦੀ ਹੈ :

ਬਾਰਾਂ ਬੈਂਗਣ
ਠਾਰਾਂ ਠੈਂਗਣ
ਚਾਰ ਚੱਕ
ਦੋ ਤੋਰੀਆਂ

(ਸੂਰੀ, ਕੁੱਤੀ, ਮੱਝ, ਬੱਕਰੀ)

ਕਿਸੇ ਪਸ਼ੂ ਦੇ ਚਿਚੜੀ ਚਿੰਬੜੀ ਤੱਕ ਕੇ ਚਿਚੜੀ ਬਾਰੇ ਬੁਝਾਰਤ ਘੜ ਲਈ ਜਾਂਦੀ ਹੈ :-

ਚੌਣੇ ਵਾਲੀ ਖੂਹੀ
ਅੱਠ ਟੰਗਾਂ ਨਾਮੀਂ ਢੂਹੀ

(ਚਿਚੜੀ)

ਬੁਝਾਰਤ ਪਾਉਣ ਵਾਲੇ ਦੇ ਕੋਲ ਜੇ ਕੋਈ ਬਹੁਤੀਆਂ ਜੂਆਂ ਵਾਲਾ ਸਰੋਤਾ ਬੈਠਾ ਹੋਵੇ ਤਾਂ ਉਸ ਨੂੰ ਖਿਝਾਉਣ ਲਈ ਅਤੇ ਅਖਾੜੇ ਦਾ ਰੰਗ ਜਮਾਉਣ ਲਈਂ ਜੂਆਂ ਬਾਰੇ ਬੁਝਾਰਤ ਪਾ ਹਾਸਾ ਖਿਲਾਰ ਦਿੱਤਾ ਜਾਂਦਾ ਹੈ :-

ਸਿਰੀ ਨਗਰ ਤੋਂ ਭੱਜਿਆ ਡਾਕੂ
ਕਾਨਪੁਰ ਤੋਂ ਫੜਿਆ ਗਿਆ
ਹਥੇਲੀ ਨਗਰ ਹੋਈ ਪੇਸ਼ੀ
ਨੂੰਹ ਨਗਰ 'ਚ ਮਾਰਿਆ ਗਿਆ

(ਜੂੰਆਂ)

ਇਸੇ ਰੰਗ ਦੀ ਇਕ ਹੋਰ ਬੁਝਾਰਤ ਹੈ :-

ਘਾਹੂਆਣੇ ਘਾਹ ਚੁਗੇਂਦੀ
ਅੱਖੂਆਣੇ ਦੇਖੀ ਸੀ
ਫੁਲੂਆਣੇ ਫੜਕੇ ਲਿਆਂਦੀ
ਨੂੰਹਆਣੇ ਕੁੱਟੀ ਸੀ

(ਜੂੰਆਂ)

ਸੁਸਰੀ ਵੀ ਤਾਂ ਜੂੰ ਨਾਲ ਸਮਤਾ ਖਾਦੀ ਹੈ। ਕਿਸੇ ਨੂੰ ਕਣਕ ਦੇ ਦਾਣਿਆਂ ਵਿਚ ਫਿਰਦੀ ਸੁਸਰੀ ਦਾ ਖਿਆਲ ਆ ਜਾਂਦਾ ਹੈ :-

ਅੰਨ ਖਾਂਦੀ
ਪਾਣੀ ਨਾ ਪੀਂਦੀ

(ਸੁੱਸਰੀ)

ਬਾਹਰ ਖੇਤਾਂ ਵਿਚ ਸਿਉਂਕ ਦੀਆਂ ਬਿਰਮੀਆਂ ਤੱਕ ਕੇ ਸਿਉਂਕ ਬਾਰੇ ਬੁਝਾਰਤਾਂ ਰਚੀਆਂ ਜਾਂਦੀਆਂ ਹਨ :-

ਇਕ ਭੈਣ ਮੇਰੀ ਸਰਦੀ
ਬਿਨ ਪਾਣੀ ਗਾਰਾ ਕਰਦੀ
ਬੜੇ ਸਾਹਿਬ ਤੋਂ ਡਰਦੀ
ਨਹੀਂ ਹੋਰ ਵੀ ਕਾਰਾ ਕਰਦੀ

(ਸਿਉਂਕ)

ਜਾਂ

ਮੂੰਹ ਲਾਲ
ਪਿੰਡਾ ਜਰਦੀ
ਬਿਨ ਪਾਣੀ
ਘਾਣੀ ਕਰਦੀ

(ਸਿਉਂਕ)

ਹੋਰ

ਇਤਨੀ ਮਿਤਨੀ
ਜੌਂ ਜਿਤਨੀ
ਜਮੈਣ ਜਿੰਨੇ ਕੰਨ

(ਸਿਉਂਕ)

ਮੱਖੀ ਬਾਰੇ ਬੁਝਾਰਤ ਇਸ ਪ੍ਰਕਾਰ ਹੈ :-

ਇਕ ਭੈਣ ਮੇਰੀ ਬੜੰਗੀ
ਦੋ ਚਾਦਰਾਂ
ਅਜੇ ਢੂਹੀ ਨੰਗੀ

(ਮੱਖੀ)

ਖੇਤ ਵਿਚ ਪਈ ਵੀਰ ਵਹੁਟੀ ਖ਼ੂਨ ਦੇ ਤੁਬਕੇ ਦਾ ਭੁਲੇਖਾ ਪਾ ਦੇਂਦੀ ਹੈ:-

ਰੜੇ ਮੈਦਾਨ ਵਿਚ
ਲਹੂ ਦਾ ਤੁਬਕਾ

(ਵੀਹ ਵਹੁਟੀ)

ਬਰਸਾਤ ਦੇ ਦਿਨੀਂ ਗੰਡ ਗੰਡੋਲੇ ਅਤੇ ਡੱਡੂ ਆਮ ਨਿੱਕਲ ਆਉਂਦੇ ਹਨ। ਡੱਡੂ ਦਾ ਛੜੱਪਾ ਮਾਰ ਕੇ ਟੁਰਨਾ ਅਤੇ ਊਠ ਵਾਂਗੂੰ ਬੈਠਣਾ ਇਕ ਬੁਝਾਰਤ ਨੂੰ ਜਨਮ ਦੇ ਜਾਂਦਾ ਹੈ :-

ਊਂਠ ਦੀ ਬੈਠਣੀ
ਮਿਰਗ ਦੀ ਛਾਲ
ਬੁਝਣੀਏਂ ਬੁੱਝ
ਨਹੀਂ ਗਾਲਾਂ ਕੱਢੂੰ ਚਾਰ

(ਡੱਡੂ)

ਗੰਡ ਗੰਡੋਲਾ ਵੀ ਕੁਦਰਤ ਨੇ ਕਿਹਾ ਜਿਹਾ ਅਣੋਖੀ ਕਿਸਮ ਦਾ ਜੀਵ ਬਣਾਇਆ ਹੈ। ਨਾ ਸਿਰ, ਨਾ ਪੈਰ, ਨਾ ਹੱਡੀ, ਨਾ ਪਸਲੀ :-

ਇਕ ਜਨੌਰ ਅਸਲੀ
ਨਾ ਹੱਡੀ ਨਾ ਪੱਸਲੀ

(ਗੰਡ ਗੰਡੋਲਾ)

ਸੱਪ ਵੀ ਗੰਡ ਗੰਡੋਲੇ ਦੀ ਬਰਾਦਰੀ ਵਿਚੋਂ ਹੀ ਹੈ। ਸੱਪ ਬਾਰੇ ਤਾਂ ਕਈ ਬੁਝਾਰਤਾਂ ਪਾਈਆਂ ਜਾਂਦੀਆਂ ਹਨ :-

ਡਿੰਗ ਪੜਿੰਗਾ ਰਾਹ
ਪਾਰੋਂ ਆਈਆਂ ਮੱਝੀਆਂ
ਗਈਆਂ ਸਿਧੇ ਰਾਹ

(ਸੱਪ)

ਮਰੇ ਹੋਏ ਸੱਪ ਨੂੰ ਤੱਕ ਕੇ ਕੋਈ ਬੁਝਾਰਤ ਇਸ ਤਰ੍ਹਾਂ ਘੜਦਾ ਹੈ :-

ਠੰਡੇ ਬਿਸਤਰ ਵਿਛੇ ਪਏ
ਉਨ੍ਹਾਂ ਤੇ ਕੋਈ ਸੌਂਦਾ ਨਹੀਂ
ਮਾਵਾਂ ਦੇ ਪੁੱਤ ਮਰੇ ਪਏ
ਉਨ੍ਹਾਂ ਨੂੰ ਕੋਈ ਰੋਂਦਾ ਨਹੀਂ

(ਸੱਪ)

ਡੱਡਾਂ ਖਾਣੇ ਸੱਪ ਨੂੰ ਡੱਡ ਖਾਂਦਾ ਤੱਕ ਕੇ ਕਿਸੇ ਨੇ ਬੁਝਾਰਤ ਨੂੰ ਇਸ ਤਰ੍ਹਾਂ ਦੇ ਰੂਪ ਦੇ ਦਿੱਤਾ :-

ਚੋਰ ਚੱਲੇ ਚੋਰੀ ਨੂੰ
ਉਨ੍ਹਾਂ ਦੇ ਪੈਰ ਨਹੀਂ
ਜਾ ਚੁਰਾਈ ਮੱਝ
ਉਹਦੇ ਪੂਛ ਨਹੀਂ

(ਸੱਪ ਤੇ ਡੱਡੂ)

ਸੱਪ ਦੀ ਕੰਜ ਦੀ ਬਣਤਰ ਨੂੰ ਵੇਖ ਮਨੁੱਖ ਹੈਰਾਨ ਹੋਂਦਾ ਜਾਂਦੈ :-

ਦਰਜ਼ੀ ਨੇ ਚਰਜ਼ ਕੀਤਾ
ਬਿਨ ਸੂਈਓਂ ਲੀੜਾ ਸੀਤਾ
ਬਾਰਾਂ ਵਰ੍ਹੇ ਹੰਡਾ ਕੇ
ਮੁੜ ਤੈਹ ਕੀਤਾ

(ਸੱਪ ਦੀ ਕੰਜ)

ਮੁਰਗੀਆਂ ਦੇ ਅੰਡਿਆਂ ਨੂੰ ਵੀ ਜੀਵ ਜੰਤੂਆਂ ਵਿਚ ਮਿਥਿਆ ਜਾ ਸਕਦਾ ਹੈ। ਅੰਡੇ ਬਾਰੇ ਅੱਠ ਨੌਂ ਬੁਝਾਰਤਾਂ ਹਨ :-

ਮੈਂਹ ਸੂਪੀ
ਕੱਟੀ ਬੱਕੋਂਦੀ

(ਅੰਡਾ)

ਅਤੇ

ਗੋਲ ਮੋਲ ਕੋਠੜੀ
ਦਰਵਾਜ਼ਾ ਹਈਓ ਨਾ

ਜਾਂ

ਚਿੱਟੀ ਮਸੀਤ
ਬੂਹਾ ਕੋਈ ਨਾ

(ਅੰਡਾ)

ਅਤੇ

ਸੋਨਾ ਹੈ ਸੁਨਾਰ ਨਹੀਂ
ਰੂਪਾ ਹੈ ਦਲਾਲ ਨਹੀਂ
ਕੋਠੀ ਹੈ ਦਰਵਾਜ਼ਾ ਨਹੀਂ

(ਅੰਡਾ)

ਹੋਰ

ਜੇ ਚਲਿਓਂ ਸ਼ਕਾਰ
ਤਾਂ ਲਿਆਵੀਂ ਸੋਚ ਵਿਚਾਰ
ਚੁੰਝ ਬਿਨ
ਚੰਮ ਬਿਨ

ਨਾ ਜੀਊਂਦਾ

ਨਾ ਮੋਇਆ

(ਅੰਡਾ)

ਅੰਡੇ ਦੀ ਜਰਦੀ ਦਾ ਸਨੁਹਿਰੀ ਰੰਗ ਬੇਸਨ ਵਰਗਾ ਹੀ ਹੁੰਦਾ ਹੈ :-

ਕੌਲੀ ਤੇ ਕੌਲੀ

ਕੌਲੀ ਵਿਚ ਬੇਸਨ

ਬੁਝਣੀਏਂ ਬੁੱਝ

ਨਹੀਂ ਟਪ ਜਾ ਕੁਰਾਲੀ ਟੇਸਨ

(ਅੰਡਾ)

ਸੂਰਜ ਦੀਆਂ ਸੁਨਹਿਰੀ ਕਿਰਨਾਂ ਵਿਚ ਚਮਕਦੀ ਸੋਨੇ ਰੰਗੀ ਭਰਿੰਡ ਕਿਸੇ ਨੂੰ ਮਸਤਾਨੀ ਜਾਪਦੀ ਹੈ :-

ਸੋਨੇ ਰੰਗੀ

ਤਿੱਤਰ ਖੰਭੀ

ਨਾ ਧਰਿਆ ਮਸਤਾਨੀ

ਜਾਂ ਮੇਰੀ ਬਾਤ ਬੁੱਝ

ਜਾਂ ਦੇ ਅਠਿਆਨੀ

(ਭਰਿੰਡ)

ਹਲਦੀ ਦਾ ਰੰਗ ਵੀ ਸੋਨੇ ਵੰਨਾ ਹੁੰਦਾ ਏ :-

ਹੀਲੀ ਹੀਲੀ

ਹਲਦੀ ਵਰਗੀ ਪੀਲੀ

(ਭਰਿੰਡ)

ਭੂੰਡ ਵੀ ਤਾਂ ਭਰਿੰਡ ਦਾ ਵੱਡਾ ਭਰਾ ਹੀ ਹੈ। ਭੂੰਡ ਦੀ ਜ਼ਾਤ ਉਤੇ ਚੋਟ ਹੈ :-

ਉੱਚੇ ਟਿੱਬੇ ਮੇਰਾ ਮਾਸੜ ਵਸਦਾ
ਜਦ ਮੈਂ ਜਾਵਾਂ ਤਲਵਾਰਾਂ ਕੱਸਦਾ

(ਭੂੰਡ)

ਪਰ ਆਫਰੀਨ ਹੈ ਭੂੰਡ ਦੀ ਕਾਰਾਗਰੀ ਉਤੇ। ਕਿਲਾ ਬਨਾਉਣ ਵਿਚ ਤਾਂ ਭੂੰਡ ਨੇ ਵੱਡੇ ਵੱਡੇ ਇੰਜੀਨੀਅਰਾਂ ਨੂੰ ਮਾਤ ਪਾ ਦਿੱਤਾ ਹੈ ਜ਼ਰਾ ਤੱਕੋ ਤਾਂ ਸਹੀ :-

ਇਕ ਕਿਲੋ ਵਿਚ ਬੁਰਜ ਹਜ਼ਾਰ
ਬੁਰਜ ਬੁਰਜ ਵਿਚ ਠਾਣੇਦਾਰ
ਦੇਖੋ ਸਾਹਿਬ ਨੇ ਕਿਲਾ ਬਣਾਇਆ
ਨਾ ਮਿੱਟੀ ਨਾ ਗਾਰਾ ਲਾਇਆ

(ਭੂੰਡਾਂ ਦਾ ਖੱਖਰ)

ਕੀੜਿਆਂ ਦਾ ਭੌਣ ਤੱਕ ਕੇ ਚਾਂਦਨੀ ਚੌਂਕ ਵਰਗੇ ਬਾਜ਼ਾਰ ਦਾ ਖਿਆਲ ਆ ਜਾਂਦਾ ਹੈ। ਉਸ ਬਾਜ਼ਾਰ ਵਿਚ ਤਾਂ ਕੰਨ ਪਈ ਆਵਾਜ਼ ਸੁਣਾਈ ਨਹੀਂ ਦੇਂਦੀ। ਪਰ ਸਾਡੇ ਏਸ ਬਾਜ਼ਾਰ ਵਿਚ ਤਾਂ ਕਬਰਾਂ ਜਹੀ ਚੁੱਪ ਹੈ :-

ਥੱਲ ਥੱਲ ਹੈਗਾ
ਜਲ ਜਲ ਹੈਨੀ
ਬਾਜ਼ਾਰ ਬੜਾ ਹੈ
ਖੜਕਾ ਨਾਹੀ

(ਕੀੜਿਆਂ ਦਾ ਭੌਣ)

ਨਿਓਲੇ ਅਤੇ ਉਲੂ ਬਾਰੇ ਤਾਂ ਕਾਫੀ ਸੋਹਣੀਆਂ ਬੁਝਾਰਤਆਂ ਰਚੀਆਂ ਗਈਆਂ ਹਨ। ਜੇਹੋ ਜਹੀਆਂ ਬਚਿਤਰ ਇਨ੍ਹਾਂ ਦੀਆਂ ਸ਼ਕਲਾਂ ਹਨ ਓਹੋ ਜਹੀਆਂ ਹੀ ਅਣੋਖੀਆਂ ਬੁਝਾਰਤਾਂ ਹਨ ਉਨ੍ਹਾਂ ਬਾਰੇ :-

ਅੱਖ ਚਿੜੇ ਦੀ
ਚੁੰਝ ਚਿੜੇ ਦੀ

ਸਿਰ ਬਾਂਦਰ ਦਾ ਲਾਇਆ
ਜਿਹੜਾ ਮੇਰੀ ਬਾਤ ਨੀ ਬੁੱਝੂ
ਖੋਤਾ ਉਸ ਦਾ ਤਾਇਆ

(ਉੱਲੂ)

ਨਿਓਲੇ ਦਾ ਰੰਗ ਵੀ ਇਸੇ ਤਰ੍ਹਾਂ ਹੈ :-

ਅਰਨ ਸਹੇ ਦੇ
ਬਰਨ ਸਹੇ ਦੇ
ਅੱਖ ਚਿੜੇ ਦੀ
ਪੂਛ ਕੁਤੇ ਦੀ
ਮੂੰਹ ਬਾਂਦਰ ਦਾ ਲਾਇਆ
ਦੇਖੋ ਮਹਾਰਾਜ ਨੇ
ਕਿਹਾ ਸਾਂਗ ਰਚਾਇਆ

(ਨਿਓਲਾ)

ਅਖ ਚਿੜੀ ਦੀ
ਪੂੰਛ ਕੁਤੇ ਦੀ
ਮੂੰਹ ਬਾਂਦਰ ਦਾ ਲਾਇਆ
ਦੇਖੋ ਮਹਾਰਾਜ ਨੇ
ਕੀ ਜਨੌਰ ਬਣਾਇਆ

(ਨਿਓਲਾ)

ਖੇਤਾਂ ਵਿਚ ਮੱਝਾਂ ਚਾਰਦਾ ਪਾਲੀ ਇਕ ਹਰਨ ਮਗਰ ਦੋ ਕੁੱਤੇ ਲੱਗੇ ਵੇਖਦਾ ਹੈ। ਉਨ੍ਹਾਂ ਬਾਰੇ ਝਟ ਬੁਝਾਰਤ ਨੂੰ ਜਨਮ ਦੇ ਦੇਂਦਾ ਹੈ :-

ਬਾਰਾਂ ਪੱਗ ਛੇ ਢੋਹਣੀਆਂ
ਤਿਨ ਸੀਸ ਦੋ ਸੀਂਗ

ਇੱਕ ਅਚੰਭਾ ਮੈਂ ਦੇਖਿਆ

ਬਾਹਰ ਲੜਦੇ ਤੀਨ

(ਹਰਨ ਮਗਰ ਦੋ ਕੁੱਤੇ)

ਅੱਖਾਂ ਬੰਨ੍ਹ ਕੇ ਕੋਹਲੂ ਦਾ ਬਲਦ ਕੋਹਲੂ ਦੇ ਆਲੇ ਦੁਆਲੇ ਨਿੱਕੇ ਜਹੇ ਚੱਕਰ ਵਿਚ ਕਈ ਦੋਹਾਂ ਦੀ ਮੰਜ਼ਲ ਮਾਰਦਾ ਹੈ। ਕੋਹਲੂ ਹਿੱਕ ਰਿਹਾ ਤੇਲੀ ਆਪਣੇ ਬਲਦ ਬਾਰੇ ਵੀ ਬੁਝਾਰਤ ਘੜ੍ਹ ਲੈਂਦਾ ਹੈ :-

ਕਈ ਕੋਹਾਂ ਦੀ ਮੰਜ਼ਲ ਕਰੇ

ਫਿਰ ਵੀ ਓਸੇ ਥਾਂ ਤੇ ਫਿਰੇ

(ਕੋਹਲੂ ਦਾ ਬਲਦ)

ਖੋਤੀ ਦੀ ਸ਼ਕਲ ਤੱਕ ਕੇ ਵੀ ਕਈਆਂ ਨੂੰ ਬੁਝਾਰਤਾਂ ਸੁੱਝ ਜਾਂਦੀਆਂ ਨੇ:-

ਘੋੜ ਸੁੰਮੀਂ

ਮਿਰਗ ਨੈਣੀਂ

ਸੰਖ ਵਾਂਙੂੰ ਗੱਜਣੀ

ਧੋਤੀ ਦੇ ਲੜ ਪੰਜ ਰੁਪਏ

ਓਹ ਵੀ ਲੈ ਕੇ ਭਜਣੀ

(ਖੋਤੀ)

ਖੋਤੀ ਦੇ ਚਾਰੇ ਬਾਰੇ ਵੀ ਇਕ ਬੁਝਾਰਤ ਇਸ ਤਰ੍ਹਾਂ ਹੈ :-

ਮੈਂ ਲਿਆਂਦੀ ਮੱਝ

ਓਹਦੇ ਸਿੰਗ ਨਾ

ਮੈਂ ਪਾਈ ਤੂੜੀ

ਓਹਦੇ ਪਸਿੰਦ ਨਾ

ਮੈਂ ਪਾਇਆ ਖੋਰ

ਕਹਿੰਦੀ ਪਾ ਹੋਰ

(ਖੋਤੀ)

ਹਾਥੀ ਪੰਜਾਬ ਦੇ ਪਿੰਡਾਂ ਵਿਚ ਬਹੁਤ ਘੱਟ ਵੇਖਣ ਵਿਚ ਆਉਂਦੇ ਹਨ। ਪੰਜਾਬ ਦੀਆਂ ਕੁਝ 'ਕੁ ਰਿਆਸਤਾਂ ਦੇ ਰਾਜਿਆਂ ਪਾਸ ਹਾਥੀ ਹੋਇਆ ਕਰਦੇ ਸਨ। ਜਿਨ੍ਹਾਂ ਨੂੰ ਬਹੁਤ ਘੱਟ ਲੋਕੀ ਵੇਖਦੇ ਸਨ ਜਾਂ ਕਦੀ ਕਦਾਈਂ ਪੰਜਾਬ ਤੋਂ ਬਾਹਰੋਂ ਮੰਗਣ ਵਾਲੇ ਸਾਧ ਮਰੀਅਲ ਜਹੇ ਹਾਥੀ ਲੈ ਕੇ ਪਿੰਡਾਂ ਵਿਚ ਆ ਜਾਇਆ ਕਰਦੇ ਹਨ। ਕਿਸੇ ਨੇ ਹਾਥੀ ਨੂੰ ਪਹਿਲੀ ਵਾਰੀ ਤਕਿਆ ਅਤੇ ਓਹਦੇ ਬਾਰੇ ਬੁਝਾਰਤ ਘੜ ਲਈ :-

ਦੋ ਸਿੰਗ ਹਿਲਦੇ ਜਾਣ
ਦੋ ਪੱਖੇ ਝਲਦੇ ਜਾਣ
ਚਾਰ ਥੰਮ ਤੁਰਦੇ ਜਾਣ
ਅੱਗੇ ਸੱਪ ਮੇਹਲਦਾ ਜਾਵੇ

(ਹਾਥੀ)

♦♦♦

## ਮਨੁੱਖੀ ਸਰੀਰ ਬਾਰੇ

ਜਿਥੇ ਪੇਂਡੂ ਜੀਵਨ ਦੀਆਂ ਹੋਰ ਵਸਤੂਆਂ ਬਾਰੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ ਓਥੇ ਆਪਣੇ ਆਪ ਬਾਰੇ ਅਰਥਾਤ ਮਨੁੱਖੀ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਵੀ ਬੁਝਾਰਤਾਂ ਦਾ ਰੂਪ ਦੇ ਦਿੱਤਾ ਜਾਂਦਾ ਹੈ।

ਮਨੁੱਖੀ ਸਰੀਰ ਦੇ ਵੱਖੋ ਵੱਖ ਅੰਗਾਂ ਬਾਰੇ ਇਸ ਪ੍ਰਕਾਰ ਬੁਝਾਰਤਾਂ ਮਿਲਦੀਆਂ ਹਨ :-

ਕੱਚ ਦਾ ਟੋਭਾ
ਕਾਨਿਆਂ ਦੀ ਬਾੜ
ਬੁੱਝਣੀਏ ਬੁੱਝ ਲੈ
ਨਹੀਂ ਰੁਪਏ ਧਰ ਦੇ ਚਾਰ

(ਅੱਖਾਂ)

ਕਿੱਥੇ ਹੋ ਸਕਦੈ ਕੱਚ ਦਾ ਟੋਭਾ ਜਿਸ ਦੇ ਆਲੇ ਦੁਆਲੇ ਕੱਖਾਂ ਕਾਹੀਆਂ ਦੀ ਬਾੜ ਹੋਵੇ। ਬੁਝਾਰਤ ਬੁੱਝਣ ਵਾਲਾ ਬੁਝਾਰਤ ਪਾਣ ਵਾਲੇ ਦੀਆਂ ਅੱਖਾਂ ਵੱਲ ਤਕਦਾ ਹੈ। ਅੱਖਾਂ ਤੱਕ ਝੱਟ ਬੁਝਾਰਤ ਦਾ ਉੱਤਰ (ਅੱਖਾਂ) ਸੁਝ ਜਾਂਦਾ ਹੈ।

ਕਿਸੇ ਸੋਹਲ ਸੁਨੱਖੇ ਮੁਖੜੇ ਤੇ ਸਵਾ ਸਵਾ ਲੱਖ ਦੀ ਇਕ ਇਕ ਅੱਖ ਭੋਲੇ ਭੋਲੇ ਗੁਟਕੂੰ ਗੁਟਕੂੰ ਕਰਦੇ ਦੋ ਕਬੂਤਰ ਜਾਪਦੇ ਹਨ :-

ਦੋ ਕਬੂਤਰ ਜੱਕਾ ਜੋੜੀ
ਰੰਗ ਉਨ੍ਹਾਂ ਦੇ ਕਾਲੇ
ਨਾ ਕੁਝ ਖਾਵਣ
ਨਾ ਕੁਝ ਪੀਵਣ

ਰੱਬ ਉਨ੍ਹਾਂ ਨੂੰ ਪਾਲੇ

(ਅੱਖਾਂ)

ਅਸੀਂ ਰੋਜ਼ਾਨਾ ਜ਼ਿੰਦਗੀ ਵਿਚ ਤਕਦੇ ਹਾਂ। ਕਈਆਂ ਦੀਆਂ ਦੋਨੋਂ ਅੱਖਾਂ ਕਿਸੇ ਦੇ ਜੀਵਨ ਨੂੰ ਸਦਾ ਲਈ ਹਨੇਰੇ ਵਿਚ ਲੈ ਜਾਂਦੀਆਂ ਹਨ। ਕਈਆਂ ਦੀ ਇੱਕ ਅੱਖ ਕਿਸੇ ਕਾਰਨ ਜਾਂਦੀ ਰਹਿੰਦੀ ਹੈ। ਅੱਖਾਂ ਦੀ ਜੋਤ ਲੱਖਾਂ ਰੁਪਏ ਖਰਚ ਕਰਕੇ ਵੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਨਿਗਾਹ ਬਾਰੇ ਕਿਸੇ ਨੇ ਇਸ ਤਰ੍ਹਾਂ ਬੁਝਾਰਤ ਰਚੀ ਹੈ :-

ਕੌਂਲ ਫੁੱਲ ਕੌਂਲ ਫੁੱਲ
ਕੌਂਲ ਦਾ ਹਜ਼ਾਰ ਮੁੱਲ
ਕਿਤੇ ਅੱਧਾ ਕਿਤੇ ਸਾਰਾ
ਕਿਤੇ ਹੈਨੀ ਵਿਚਾਰਾ

(ਨਿਗਾਹ)

ਨਿਗਾਹ ਬਾਰੇ ਇਕ ਹੋਰ ਬੁਝਾਰਤ ਬੰਦੇ ਇਸ ਤਰ੍ਹਾਂ ਪਾਉਂਦੇ ਹਨ :-

ਓਹ ਗਈ! ਓਹ ਗਈ

(ਨਿਗਾਹ)

ਅੱਖਾਂ ਦੀ ਅਰੋਗਤਾ ਲਈ ਅਤੇ ਮਨੁੱਖੀ ਸਰੀਰ ਲਈ ਨੀਂਦ ਵੀ ਬਹੁਤ ਲਾਭਕਾਰੀ ਸ਼ਕਤੀ ਹੈ। ਨੀਂਦ ਦੀ ਬੁੱਕਲ ਵਿਚ ਇਨਸਾਨ ਗਮਾਂ ਫਿਕਰਾਂ ਦੀ ਦੁਨੀਆਂ ਤੋਂ ਬਹੁਤ ਦੂਰ ਸਵਰਗੀ ਹੂਟੇ ਮਾਨਣ ਲੱਗ ਜਾਂਦਾ ਹੈ। ਨੀਂਦ ਆ ਜਾਂਦੀ ਹੈ। ਨੀਂਦ ਮਾਨਣ ਵਾਲੇ ਨੂੰ ਪਤਾ ਨਹੀਂ ਲੱਗਦਾ :-

ਹਰੀ ਹਰੀ ਗੰਦਲ
ਬੜੀਓ ਮਿੱਠੀ
ਆਉਂਦੀ ਹੈ
ਪਰ ਕਿਸੇ ਨਾ ਡਿੱਠੀ

(ਨੀਂਦ)

ਅੱਖਾਂ ਤੋਂ ਬਾਅਦ ਨੱਕ ਦੀ ਵਾਰੀ ਆਉਂਦੀ ਹੈ। ਨੱਕ ਬਾਰੇ ਤਾਂ ਕੁਝ

vulgar ਜਹੀਆਂ ਬੁਝਾਰਤਾਂ ਹਨ- ਨੱਕ ਦੇ ਗੰਦ ਬਾਰੇ- ਪਰ ਇਨ੍ਹਾਂ ਤੋਂ ਕੀ ਬੱਚੇ, ਕੀ ਬੁੱਢੇ, ਕੀ ਜਵਾਨ ਸਭ ਪੂਰਨ ਸਵਾਦ ਮਾਣਦੇ ਹਨ :-

ਬਾਹਰੋਂ ਆਇਆ ਬਾਬਾ ਲਸ਼ਕਰੀ
ਜਾਂਦਾ ਜਾਂਦਾ ਕਰ ਗਿਆ ਮਸ਼ਕਰੀ

(ਨੱਕ ਦੀ ਨਲੀ)

ਜਾਂ

ਐਨੀ ਕ ਲਕੜ ਬਾਂਸੇ ਦੀ।
ਦਰ ਭੀੜਾ ਬਹੁ ਤਮਾਸ਼ੇ ਵੀ।

ਕਿੰਨੀ ਅਸਲੀਅਤ ਦੇ ਨੇੜੇ ਹੈ ਇਹ ਬੁਝਾਰਤ :-

ਤਿਲ੍ਹਕਣੀ ਤਲਵਾਰ
ਚੱਕ ਕੰਧ ਨਾਲ ਮਾਰ

ਦੰਦ ਦਾਹੜਾਂ ਬਾਰੇ ਵੀ ਕਈ ਬੁਝਾਰਤਾਂ ਵੇਖਣ ਵਿਚ ਆਉਂਦੀਆਂ ਹਨ। ਬੱਚੇ ਦੇ ਮੁਖ ਵਿਚ ਮੋਤੀਆਂ ਜਹੇ ਅਨਾਰ ਦੇ ਦਾਨਿਆਂ ਵਰਗੇ ਦੁਧ ਚਿੱਟੇ ਦੰਦ ਬੜੇ ਸੋਹਣੇ ਲਗਦੇ ਹਨ :-

ਇੱਕ ਡੱਬੇ ਵਿਚ ਬੱਤੀ ਦਾਣੇ
ਝਾੜਾਂ ਵਾਲੇ ਬੜੇ ਸਿਆਣੇ

(ਦੰਦ)

ਕਿਸੇ ਨੂੰ ਡੱਬੇ ਨਾਲ ਦਿੱਤੀ ਤੁਲਣਾ ਭਾਉਂਦੀ ਨਹੀਂ, ਉਹ ਮੂੰਹ ਨੂੰ ਕੰਧ ਵਿਚ ਬਣਾਏ ਹੋਏ ਆਲ਼ੇ ਵਾਂਗ ਸਮਝਦਾ ਹੈ :-

ਇਕ ਆਲ਼ੇ ਵਿਚ ਬੱਤੀ ਦਾਣੇ
ਬੁੱਝਣ ਵਾਲੇ ਬੜੇ ਸਿਆਣੇ

(ਦੰਦ)

ਕੋਈ ਦੰਦਾਂ ਦਾਹੜਾ ਨੂੰ ਠੀਕਰੀਆਂ ਅਤੇ ਟੁਕੜੇ ਆਦਿ ਸਮਝਦਾ ਹੈ :-

ਭੱਜੀ ਜਾਂਦੀ ਕਿਰਮਚੀ
ਗਿਰੀ ਦੰਦਾਂ ਦੇ ਭਾਰ

ਬੱਤੀ ਹੋਈਆਂ ਠੀਕਰਾਂ

ਟੁਕੜੇ ਹੋਏ ਚਾਰ

(ਦੰਦ ਦਾਹੜਾਂ)

ਜੀਭ ਇਕ ਅਜਿਹਾ ਅੰਗ ਹੈ ਜਿਹੜਾ ਸਾਡੇ ਮਨੋਭਾਵਾਂ ਨੂੰ ਬੋਲਾਂ ਦੇ ਸਹਾਰੇ ਦੂਜੇ ਤੀਕਰ ਪਚਾਉਂਦਾ ਹੈ। ਬਚੇ ਦੀ ਤੋਤਲੀ ਜ਼ਬਾਨ ਕਿੰਨੀ ਪਿਆਰੀ ਲਗਦੀ ਹੈ। ਬੱਚੇ ਆਪਣੇ ਕੌਡੀਆਂ ਵਰਗੇ ਦੰਦਾਂ ਨਾਲ ਸ਼ਿੰਗਾਰੇ ਹੋਏ ਮੂੰਹ ਵਿਚ ਜੀਭ ਨੂੰ ਇਸ ਘਰ ਦੀ ਰਾਣੀ ਸਮਝਦੇ ਹਨ। ਇਹ ਰਾਣੀ ਭੂਟੋ ਦਾ ਨਾਂ ਰਖਾ ਇਸ ਵਿਚ ਇਕ ਅਣੋਖਾ ਜਿਹਾ ਨਾਚ ਨਚਦੀ ਹੈ :-

ਆਲ਼ਾ ਕੌਡੀਆਂ ਵਾਲਾ

ਵਿਚ ਮੇਰੀ ਭੁਟੋ ਨਚਦੀ

(ਜੀਭ)

ਕਈਆਂ ਨੂੰ ਭੂਟੋ ਨਾਂ ਚੰਗਾ ਨਹੀਂ ਲਗਦਾ। ਉਹ ਗੁਲਾਬੋ ਨਾ ਰੱਖ ਖੁਸ਼ ਹੋ ਜਾਂਦੇ ਨੇ :-

ਐਨੀ ਕੁ ਹੱਟੀ

ਵਿਚ ਬੈਠੀ ਗੁਲਾਬੋ ਜੱਟੀ

(ਜੀਭ)

ਕਈਆਂ ਨੂੰ ਨਾ ਭੂਟੋ ਚੰਗਾ ਲਗਦਾ ਹੈ ਨਾ ਗੁਲਾਬੋ। ਉਹ ਗੁਟਕੋ ਨਾਂ ਰਖ ਲੈਂਦੇ ਨੇ :-

ਐਨਾ ਕੁ ਆਲ਼ਾ

ਵਿਚ ਗੁਟਕੋ ਬੋਲੇ

(ਜੀਭ)

ਕੋਈ ਪੱਤਿਆਂ ਨਾਲ ਵੀ ਤੁਲਨਾ ਦੇ ਦਿੰਦਾ ਹੈ :-

ਬੱਤੀ ਟਾਹਲੇ

ਇੱਕ ਪੱਤ

(ਜੀਭ)

ਮਨੁੱਖੀ ਸਰੀਰ ਦੇ ਹੋਰ ਅੰਗ ਬਾਰੇ ਕੋਈ ਬੁਝਾਰਤ ਨਹੀਂ ਮਿਲਦੀ। ਹਾਂ ਅੰਗੂਠੇ ਬਾਰੇ ਇਕ ਬੁਝਾਰਤ ਮਿਲਦੀ ਹੈ :-

ਅੰਗੂਠਾ ਰੋਸ ਪ੍ਰਗਟ ਕਰਦਾ ਹੈ ਕਿ ਮੇਰਾ ਤਾਂ ਹੱਥ ਵਿਚ ਪੰਜਵਾਂ ਹਿੱਸਾ ਹੈ ਪਰ ਮੈਨੂੰ ਅੱਧ ਵਿਚ ਕੰਮ ਕਰਨਾ ਪੈਂਦਾ ਹੈ। ਜਦ ਇਹ ਬੁਝਾਰਤ ਪਾਈ ਜਾਂਦੀ ਹੈ ਤਾਂ ਬੱਚਿਆਂ ਦੀ ਦੁਨੀਆਂ ਵਿਚ ਹਾਸਾ ਖਿਲਰ ਜਾਂਦਾ ਹੈ :-

ਅੰਮਾਂ ਅੰਮਾਂ ਮੈਂ ਜਾਨਾ
ਪੰਜਵਾਂ ਮੇਰਾ ਹਿੱਸਾ
ਮੈਂ ਅੱਧ 'ਚ ਕਮਾਨਾਂ

♦♦♦

# ਘਰਾਂ ਵਿਚ ਖੇਤਾਂ ਵਿਚ

ਬੁਝਾਰਤ ਪਾਣ ਲਗਿਆਂ ਬੁਝਾਰਤ ਪਾਣ ਵਾਲਾ ਸਦਾ ਇਹ ਖਿਆਲ ਰਖਦਾ ਹੈ ਕਿ ਬੁਝਾਰਤ ਦਾ ਉੱਤਰ ਉਸ ਦੇ ਆਲੇ ਦੁਆਲੇ ਵਿਚੋਂ ਹੀ ਮਿਲ ਜਾਵੇ, ਉੱਤਰ ਦੇਣ ਵਾਲਾ ਜਦ ਬੁਝਾਰਤ ਬੁਝ ਨਾ ਸਕੇ ਤਾਂ ਪੁੱਛਦਾ ਹੈ ਕੀ ਇਹ ਚੀਜ਼ ਘਰ ਵਿਚ ਹੈ ਜਾਂ ਨਹੀਂ ? ਜੇ ਹੋਵੇ ਤਾਂ ਘਰ ਦੀਆਂ ਸਾਰੀਆਂ ਵਸਤੂਆਂ ਅਨੁਮਾਨੀਆਂ ਜਾਂਦੀਆਂ ਹਨ। ਇਹੀ ਇਕ ਵੱਡਾ ਕਾਰਨ ਹੈ ਕਿ ਘਰਾਂ ਦੀਆਂ ਵਸਤੂਆਂ ਬਾਰੇ ਸਭ ਤੋਂ ਜ਼ਿਆਦਾ ਬੁਝਾਰਤਾਂ ਮਿਲਦੀਆਂ ਹਨ:-

ਰੁਪਿਆ ਇਕ ਅਜੇਹੀ ਵਸਤੂ ਹੈ ਜਿਸ ਤੋਂ ਬਿਨਾਂ ਅਜ ਦੀ ਦੁਨੀਆਂ ਵਿਚ ਇਕ ਪਲ ਵੀ ਲੰਘਾਇਆ ਨਹੀਂ ਜਾ ਸਕਦਾ। ਇਹਨੂੰ ਵੱਡੇ ਤੋਂ ਨਿੱਕੇ ਤੀਕਰ ਪਿਆਰਦੇ ਹਨ।

ਚਿੱਟੀ ਕੁਕੜੀ
ਚਿੱਟੇ ਪੈਰ
ਚਲ ਮੇਰੀ ਕੁਕੜੀ
ਸ਼ਹਿਰੋ ਸ਼ਹਿਰ

(ਚਾਂਦੀ ਦਾ ਰੁਪਿਆ)

ਅਤੇ

ਚਿੱਟੀ ਮੁਰਗੀ
ਚਿੱਟੇ ਆਂਡੇ
ਭੀੜ ਪਈ
ਦਰਵਾਜ਼ੇ ਲਿਆਂਦੇ

(ਰੁਪਿਆ)

ਹੋਰ

ਚਾਰ ਤੇਰੇ ਪਾਵੇ

ਤੂੰ ਪਲੰਘ ਏਂ

ਅੱਠ ਤੇਰੀਆਂ ਗੋਪੀਆਂ

ਤੂੰ ਕਾਹਨ ਏਂ

ਸੋਲਾਂ ਤੇਰੇ ਚੇਲੇ

ਤੂੰ ਸੰਤ ਏਂ

ਚਵਾਨੀਆਂ ਨੂੰ ਪਾਵੇ ਦੁਆਨੀਆਂ ਨੂੰ ਗੋਪੀਆਂ ਅਤੇ ਆਨਿਆਂ ਨੂੰ ਚੇਲਿਆਂ ਦਾ ਨਾਂ ਦਿੱਤਾ ਗਿਆ ਹੈ ਇਸੇ ਪ੍ਰਕਾਰ ਦੀ ਇੱਕ ਹੋਰ ਵੀ ਬੁਝਾਰਤ ਹੈ :-

ਅੱਠ ਮੇਰੀਆਂ ਰਾਣੀਆਂ

ਮੈਂ ਰਾਜਾ ਵੀ ਨਹੀਂ

ਸੋਲਾਂ ਮੇਰੇ ਚੇਲੇ

ਮੈਂ ਗੁਰੂ ਵੀ ਨਹੀਂ

(ਰੁਪਿਆ)

ਚਾਂਦੀ ਦਾ ਰੁਪਿਆ ਹੁੰਦਾ ਵੀ ਤਾਂ ਦੁੱਧ ਹੀ ਏ :-

ਰੜੇ ਮੈਦਾਨ ਵਿਚ

ਦੁਧ ਦਾ ਛਿੱਟਾ

(ਚਾਂਦੀ ਦਾ ਰੁਪਿਆ)

ਦੀਵਾ ਵੀ ਤਾਂ ਅਨਿੱਖੜਵਾਂ ਅੰਗ ਹੈ ਇਕ ਘਰ ਦਾ। ਦੀਵੇ ਦੀ ਥਰਥਰਾਂਦੀ ਲਾਟ ਕਿੰਨੀ ਚੰਗੀ ਲਗਦੀ ਹੈ :-

ਬਾਲ ਦਿਓ

ਤਾਂ ਸਭ ਨੂੰ ਭਾਵੇ

ਵੱਡਾ ਹੋਇਆ

ਕਿਸੇ ਕੰਮ ਨਾ ਆਵੇ

ਬਲਦਾ ਦੀਵਾ ਹੀ ਤਾਂ ਚੰਗਾ ਲਗਦਾ ਹੈ ਹਰ ਕੋਈ ਖੁਸ਼ ਹੁੰਦਾ ਹੈ ਇਸ ਨੂੰ ਤੱਕਕੇ, ਵੱਡਾ ਹੋਣੇ ਦਾ ਮਤਲਬ ਬੁੱਝੇ ਹੋਏ ਦੀਵੇ ਤੋਂ ਹੈ। ਬੁਝਿਆ ਹੋਇਆ ਦੀਵਾ ਕਿਸੇ ਦੇ ਕੀ ਕੰਮ ਆ ਸਕਦੈ।

ਐਨਾ ਕੁ ਬੇਲੂਆ

ਡੁਬ ਡੁਬ ਕਰਦਾ

ਹੱਸ ਨੀ ਪਿਆਰੀਏ,

ਰੋ ਰੋ ਮਰਦਾ

(ਦੀਵਾ)

ਤੇਲ ਖ਼ਤਮ ਹੋਏ ਤੇ ਦੀਵੇ ਨੇ ਬੁਝ ਹੀ ਜਾਣਾ ਹੋਇਆ ਨਾ :-

ਟੋਬੜੀ ਸੁਕ ਗੀ

ਭੂਟੋ ਮਰ ਗੀ

(ਦੀਵਾ)

ਛੋਟਾ ਜਿਹਾ ਦੀਵਾ ਵੱਡੇ ਸਾਰੇ ਘਰ ਵਿਚ ਚਾਨਣ ਕਰ ਦੇਂਦਾ ਹੈ :-

ਐਤਨੀ ਕ ਟਾਂਡ

ਕੋਠਾ ਭੋ ਦਾ

(ਦੀਵਾ)

ਦੀਵਟ ਤੇ ਪਿਆ ਦੀਵਾ ਇੰਝ ਜਾਪਦੈ ਜਿੱਦਾਂ ਕੋਈ ਕਬੂਤਰ ਬੈਠਾ ਹੋਵੇ:-

ਥੜੇ ਤੇ ਥੜਾ

ਉਤੇ ਲਾਲ ਕਬੂਤਰ ਖੜਾ

(ਦੀਵਾ)

ਦੀਵੇ ਦੇ ਤੇਲ ਪੀਣ ਦਾ ਕਿਹੋ ਜਿਹਾ ਵਰਣਨ ਕੀਤਾ ਹੈ ਕਿਸੇ ਨੇ :-

ਕਾਲਾ ਕੌਂ ਕਲੱਟ ਦਾ

ਰੱਸਾ ਪਾਵਾਂ ਪੱਟ ਦਾ

ਅਸਮਾਨ ਉੱਡਿਆ ਜਾਵੇ

ਮੂਹਰੇ ਆਇਆ ਦਰਿਆ

ਦਰਿਆ ਪੀਤਾ ਪਾਣੀ

ਅਜੇ ਵੀ ਤਰਹਾਇਆ

(ਦੀਵਾ)

ਦੀਵੇ ਬਾਰੇ ਇਕ ਹੋਰ ਅਣੋਖੀ ਜਹੀ ਬੁਝਾਰਤ ਹੈ :-

ਨੀ ਗਿਆ ਨੀ

ਉਹ ਨੀ ਹੋਣਾ

ਜੇ ਉਹ ਹੁੰਦਾ

ਤਾਂ ਜਾਂਦਾ ਕਿਉਂ

(ਦੀਵਾ)

ਦੀਵਾ ਸਲਾਈ ਤੋਂ ਬਿਨਾਂ ਕੌਣ ਦੀਵਾ ਜਲਾਣ ਲਈ ਅੱਗ ਪੈਦਾ ਕਰ ਸਕਦਾ ਹੈ। ਕਿੰਨੀ ਹਾਸੇ ਭਰੀ ਬੁਝਾਰਤ ਰਚੀ ਹੈ ਕਿਸੇ ਨੇ ਇਹਦੇ ਬਾਰੇ :-

ਹਨੇਰ ਘੁੱਪ ਹਨੇਰ ਘੁੱਪ

ਹਨੇਰ ਘੁੱਪ ਥੰਮਿਆ

ਨੂੰਹ ਨੇ ਮਾਰੀ ਲੱਤ

ਸੌਹਰਾ ਜੰਮਿਆ

(ਦੀਵਾ ਸਲਾਈ)

ਮੰਜਾ ਵੀ ਤਾਂ ਲੋੜੀਂਦੀ ਵਸਤੂ ਹੈ ਘਰ ਦੀ। ਇਸ ਬਾਰੇ ਵੀ ਕਿਉਂ ਨਾ ਬੁਝਾਰਤਾਂ ਪਾਈਆਂ ਜਾਣ :-

ਡੱਬ ਖੜੱਬੀ ਬੱਕਰੀ

ਡੱਬੀ ਉਹਦੀ ਛਾਂ
ਚਲ ਮੇਰੀ ਬੱਕਰੀ
ਕੂਲ ਵਾਲੇ ਥਾਂ

(ਚਾਰਪਾਈ)

ਜਿਹੜਾ ਚਾਰਾਪਾਈ ਬਾਰੇ ਗਿਆਨ ਨਹੀਂ ਰਖਦਾ ਉਹ ਨੂੰ ਤਾਂ ਬਾਂਦਰਾਂ ਦਾ ਪੁਤਰ ਸਮਝਿਆ ਜਾਂਦਾ ਹੈ :-

ਅੱਠ ਹੱਡੀਆਂ
ਥੱਬਾ ਆਂਦਰਾਂ ਦਾ
ਜਿਹੜਾ ਮੇਰੀ ਬਾਤ ਨੀ ਬੁੱਝੂ
ਓਹ ਪੁੱਤ ਬਾਂਦਰਾਂ ਦਾ

(ਚਾਰਪਾਈ)

ਜਾਂ

ਚਾਰ ਚਪਾਹੀ
ਚਾਰ ਗੰਨੇ
ਦੋਹਾਂ ਦੇ ਮੂੰਹ 'ਚ
ਦੋ ਦੋ ਥੁੱਨੇ

(ਮੰਜਾ)

ਅਤੇ

ਇਕ ਮੇਰਾ ਭਾਈ ਮੇਘਾ
ਦਿਨੇਂ ਖੜਾ ਰਾਤੀਂ ਟੇਡਾ

(ਮੰਜਾ)

ਜੇ ਟੰਗਣੇ ਨੂੰ ਮੰਜੇ ਦੀ ਮਾਸੀ ਦਾ ਪੁੱਤਰ ਆਖ ਦਿੱਤਾ ਜਾਵੇ ਤਾਂ ਇਹ ਕਹਿਣ ਵਿਚ ਕੋਈ ਗਲਤੀ ਨਹੀਂ ਹੋਵੇਗੀ। ਜਿਹੜੇ ਬਿਸਤਰੇ ਰਾਤੀਂ ਮੰਜਿਆਂ ਉੱਤੇ ਬਛਾਏ ਜਾਂਦੇ ਹਨ ਦਿਨ ਵੇਲੇ ਇਸੇ ਟੰਗਣੇ ਦੀ ਪਿਠ ਉਪਰ ਲੱਦੇ ਜਾਂਦੇ

ਹਨ। ਰਾਤੀਂ ਟੰਗਣੇ ਤੋਂ ਬਿਸਤਰੇ ਆਦਿ ਚੁੱਕਣ ਲਗਿਆਂ ਕਿਸੇ ਨੂੰ ਇਹਦੇ ਬਾਰੇ ਵੀ ਬੁਝਾਰਤ ਸੁੱਝ ਗਈ :-

ਇਕ ਮੇਰਾ ਭਾਈ ਖਿਆਲੀ
ਦਿਨ ਨੂੰ ਭਰਿਆ
ਰਾਤ ਨੂੰ ਖਾਲੀ

(ਟੰਗਣਾ)

ਤਵਾ ਤੇ ਚੁੱਲ੍ਹਾ ਵੀ ਅੱਖੋਂ ਉਹਲੇ ਨਹੀਂ ਕੀਤੇ ਜਾ ਸਕਦੇ। ਕੋਈ ਰੋਟੀ ਪਕਾਂਦੀ ਪਕਾਂਦੀ ਹੋਈ ਬੁਝਾਰਤ ਘੜ ਲੈਂਦੀ ਹੈ :-

ਹੇਠਾਂ ਮਿੱਟੀ ਦਾ ਮਟੁੰਨ
ਉੱਤੇ ਲੋਹੇ ਦਾ ਘਸੁੰਨ
ਉੱਤੇ ਗੁਦ ਗੁਦੀਆ

(ਚੁੱਲ੍ਹੇ ਤੇ ਤਵਾ, ਤਵੇ ਤੇ ਰੋਟੀ)

ਆਟਾ ਛਾਨਣ ਵਾਲੀ ਛਾਨਣੀ ਬਾਰੇ ਵੀ ਕਈ ਇਕ ਬੁਝਾਰਤਾਂ ਹਨ :-

ਕੰਮ ਕਰਦੀ ਨੂੰ
ਕਿਉਂ ਮਾਰਦੀ

(ਛਾਨਣੀ)

ਜਦੋਂ ਆਟਾ ਛਾਣਿਆ ਜਾਂਦਾ ਹੈ ਤਾਂ ਛਾਨਣੀ ਦੋਨਾਂ ਹੱਥਾਂ ਦੇ ਵਿਚਕਾਰ ਬੁੜਕਾਈ ਜਾਂਦੀ ਹੈ। ਇਸ ਤਰ੍ਹਾਂ ਛਾਨਣੀ ਨੂੰ ਥਪਕੀਆਂ ਲਗਦੀਆਂ ਹਨ :-

ਟੋਏ ਟੋਏ ਬਧਾਰੇ
ਜੀਹਦਾ ਮੈਂ ਕੰਮ ਸਵਾਰਾਂ
ਉਹੀ ਮੈਨੂੰ ਮਾਰੇ

(ਛਾਨਣੀ)

ਆਟਾ ਪੀਸਣ ਦੀਆਂ ਮਸ਼ੀਨ ਚੱਕੀਆਂ ਬਣਨ ਤੋਂ ਪਹਿਲਾਂ ਆਟਾ ਹੱਥ ਚੱਕੀਆਂ ਨਾਲ ਹੀ ਪੀਸਿਆ ਜਾਂਦਾ ਸੀ ਜਾਂ ਕਿਤੇ ਕਿਤੇ ਖਰਾਸ ਲੱਗੇ ਹੁੰਦੇ

ਸਨ। ਆਟਾ ਪੀਸਣ ਤੋਂ ਮਰਦ ਆਜ਼ਾਦ ਸਨ। ਮਜ਼ਲੂਮ ਇਸਤਰੀਆਂ ਨੂੰ ਹੱਥ ਚੱਕੀਆਂ ਨਾਲ ਹੀ ਆਟਾ ਪੀਸਣ ਲਈ ਘੋਲ ਕਰਨਾ ਪੈਂਦਾ ਸੀ। ਇਨ੍ਹਾਂ ਹੱਥ ਚੱਕੀਆਂ ਬਾਰੇ ਵੀ ਔਰਤਾਂ ਨੇ ਬੁਝਾਰਤਾਂ ਘੜ ਲਈਆਂ :-

ਤੇਰੀ ਮਾਂ
ਦੋ ਮੱਲਾਂ ਨਾਲ ਘੁਲਦੀ ਏ

(ਚੱਕੀ)

ਜਾਂ

ਤੇਰੀ ਮਾਂ ਨਾਲ
ਮੱਲਾ ਘੁਲੇ

(ਚੱਕੀ)

ਅਤੇ

ਨਿੱਕੀ ਜਹੀ ਛੋਕਰੀ
ਜੋ ਫਿਰਦੀ ਰਹਿੰਦੀ
ਮਣਾਂ ਮੂੰਹੀ ਖਾਂਵਦੀ
ਪਰ ਕਿਰਦੀ ਰਹਿੰਦੀ

(ਚੱਕੀ)

ਹੋਰ

ਹਥ 'ਕ ਲੰਬੀ
ਹਥ 'ਕ ਚੌੜੀ
ਦੇਖੋ ਪੰਚੋ
ਕਹੀ 'ਕ ਦੌੜੀ

(ਚੱਕੀ)

ਜਾਂ

ਕੰਧ 'ਚ ਖੁਰਪੀ

ਮੈਂ ਪਾਏ ਦਾਣੇ

ਮੈਨੂੰ ਹੁਰਕੀ

(ਚੱਕੀ)

ਮਣਾਂ ਮੂੰਹੀ ਦਾਣੇ ਪੀਹਕੇ ਵੀ ਚੱਕੀ ਦੇ ਕੱਖ ਪੱਲੇ ਨਹੀਂ ਪੈਂਦਾ। ਆਟੇ ਦੀਆਂ ਅੱਗੇ ਰੋਟੀਆਂ ਬਣ ਜਾਂਦੀਆਂ ਹਨ ਪਰ ਵਿਚਾਰੀ ਚੱਕੀ .........

ਆਦਾ ਆਦਾ ਆਦਾ

ਸਾਰਾ ਟੱਬਰ ਵਿਆਹਿਆ ਗਿਆ

ਕਮਾਰਾ ਰਹਿ ਗਿਆ ਦਾਦਾ

(ਚੱਕੀ)

ਚੱਕੀ ਦੇ ਗਲੇ ਵਿਚ ਜਿਹੜਾ ਪੁੜਾਂ ਦੇ ਵਿਚਕਾਰ ਹੁੰਦਾ ਹੈ ਦਾਣੇ ਪਾਏ ਜਾਂਦੇ ਹਨ ਅਤੇ ਪੁੜਾਂ ਦੇ ਆਲੇ ਦੁਆਲੇ ਤੋਂ ਆਟਾ ਕੱਠਾ ਕੀਤਾ ਜਾਂਦਾ ਹੈ :-

ਵਿਚਾਲੇ ਬੀਜੀ

ਬਨਿਓਂ ਵੱਢੀ

(ਚੱਕੀ)

ਜਦ ਪੀਹਣ ਵਾਲੀ ਆਟਾ ਪੀਹਣ ਮਗਰੋਂ ਚੱਕੀ ਸਾਫ ਕਰਨ ਲਈ ਚੱਕੀ ਦਾ ਉਪਰਲਾ ਪੁੜ ਚੁਕਦੀ ਹੈ ਤਾਂ ਵਿੱਚੋਂ ਆਟਾ ਨਿਕਲ ਆਉਂਦਾ ਹੈ। ਇਸੇ ਆਟੇ ਨੂੰ ਕਿਸੇ ਸ਼ਰਾਰਤੀ ਮਨ ਨੇ ਸ਼ਰਾਰਤ ਭਰੀ ਬੁਝਾਰਤ ਦਾ ਰੂਪ ਦਿੱਤਾ ਹੈ:-

ਮੰਜੇ ਤੇ ਪਏ ਦੋ

ਇਕ ਨੂੰ ਮੈਂ ਹਲਾਇਆ

ਵਿੱਚੋਂ ਬੱਗਾ ਬੱਗਾ ਨਿਕਲ ਆਇਆ

(ਚੱਕੀ ਦਾ ਆਟਾ)

ਤਕੜੀ ਵੀ ਤਾਂ ਵਧੇਰੇ ਆਟਾ ਆਦਿ ਤੋਲਣ ਲਈ ਵਰਤੀ ਜਾਂਦੀ ਹੈ। ਇਸ ਬਾਰੇ ਵੀ ਕਈ ਮਨੋਰੰਜਕ ਬੁਝਾਰਤਾਂ ਮਿਲਦੀਆਂ ਹਨ :-

ਪਾਰੋਂ ਆਇਆ

ਬਾਬਾ ਲੋਧੀ

ਛੇ ਟੰਗਾਂ

ਸਤਵੀਂ ਬੋਦੀ

(ਤੱਕੜੀ)

ਤੱਕੜੀ ਦੇ ਦੋ ਛਾਬੜਿਆਂ ਦੀਆਂ ਤਿੰਨ ਤਿੰਨ ਲੜੀਆਂ ਹੁੰਦੀਆਂ ਹਨ ਅਤੇ ਡੰਡੀ ਉਤੇ ਸਤਵੀਂ ਕਪੜੇ ਆਦਿ ਦੀ ਹੱਥੀ ਹੋਇਆ ਕਰਦੀ ਹੈ :-

ਬਾਹਰੋਂ ਆਈ

ਭੀੜ ਪੱਖ

ਛੇ ਟੰਗਾਂ

ਇਕੋ ਅੱਖ

(ਤੱਕੜੀ)

ਜਾਂ

ਦੋ ਬਾਹਮਣਾਂ ਦੀ

ਇੱਕੋ ਬੋਦੀ

(ਤੱਕੜੀ)

ਹੋਰ

ਨਾਰੀ ਨਾਰੀ ਨਾਰੀ

ਦੋ ਘਗਰੇ ਪਾਵੇ

ਛੇ ਲਮਕਾਵੇ ਨਾਲੇ

ਨੱਕ ਬਿੰਨ੍ਹ ਕੇ ਬੈਠੀ ਸ਼ਰਮਾਵੇ

ਫੇਰ ਕਹਾਵੇ ਨਾਰੀ

(ਤੱਕੜੀ)

ਸਾਗ ਵਾਲੀ ਤੌੜੀ ਵਿਚ ਪਈ ਕੜਛੀ ਨੂੰ ਤੱਕਕੇ ਕਿਸੇ ਨੇ ਇਸ ਬਾਰੇ

ਵੀ ਬੁਝਾਰਤਾਂ ਘੜ ਲਈਆਂ :-

ਖਡ 'ਚ ਗੋਹ
ਪੂਛ ਨੰਗ ਐ

(ਕੜਛੀ)

ਜਾਂ

ਇਕ ਕੁੜੀ ਕੌਲ਼ੇ ਨਾਲ਼
ਮੂੰਹ ਲਾਈਂ ਖੜੀ ਏ

(ਕੜਛੀ)

ਅਤੇ

ਹਾਬੜ ਦਾਬੜ ਪਈ ਕੁੜੇ
ਪੜਥੱਲੋ ਕਿਧਰ ਗਈ ਕੁੜੇ

(ਕੜਛੀ)

ਸੂਹਣ ਅਤੇ ਰੜਕਾ ਵੀ ਤਾਂ ਘਰ ਦੀ ਸਫਾਈ ਦੇ ਜੁੰਮੇਵਾਰ ਹਨ :-

ਅੰਦਰ ਭੂਟੋ ਬਾਹਰ ਭੂਟੋ
ਸ਼ੂ ਭੂਟੋ

(ਸੂੰਹਣ)

ਅਤੇ

ਸਵੇਰੇ
ਸਵੇਰੇ ਸਵੇਰੇ
ਲੱਕ ਬੰਨ੍ਹ ਕੇ
ਸਪਾਹੀ ਵਿਹੜੇ ਫਿਰ ਗਿਆ

(ਰੜਕਾ)

ਉਖਲੀ ਮੋਹਲ਼ਾਂ ਵੀ ਤਾਂ ਜ਼ਨਾਨੀਆਂ ਦਾ ਲਹੂ ਪਸੀਨਾ ਇੱਕ ਕਰ ਛੱਡਦਾ ਹੈ :-

ਆਰੋਂ ਲਿਆਂਦੀ ਵੱਢਕੇ

ਪਾਰੋਂ ਲਿਆਂਦੀ ਛਿਲਕੇ

ਦੋ ਰੰਨਾਂ ਮਰਗੀਆਂ ਕਿਲ੍ਹਕੇ

(ਉਖਲ਼ੀ ਮੋਹਲ਼ਾ)

ਲਜ ਡੋਲ ਦੇ ਕੰਮ ਦਾ ਵੀ ਕਿੰਨਾ ਸੋਹਣਾ ਵਰਨਣ ਕੀਤਾ ਹੈ ਕਿਸੇ ਨੇ:-

ਮਾਂ ਪਤਲੀ ਪਤੰਗ

ਪੁੱਤ ਸੁਬ ਜਿਹਾ

ਮਾਂ ਗਈ ਨਾਉਣ

ਪੁੱਤ ਡੁਬ ਗਿਆ

(ਲਾਜ ਡੋਲ)

ਪਿੰਡਾਂ ਵਿਚ ਉਠਦਿਆਂ ਸਾਰ ਹੀ ਜ਼ਨਾਨੀਆਂ ਦੁੱਧ ਸੰਭਾਲਦੀਆਂ ਹਨ। ਮਧਾਣੀ ਨਾਲ ਸਿੱਧਾ ਵਾਹ ਪੈਣ ਦੇ ਕਾਰਨ ਬਹੁਤ ਸਾਰੀਆਂ ਬੁਝਾਰਤਾਂ ਜਿਹੜੀਆਂ ਕਿ ਹਾਸ ਰਸ ਦਾ ਸੋਹਣਾ ਨਮੂਨਾ ਹਨ, ਮਿਲਦੀਆਂ ਹਨ :-

ਇਕ ਸੀ ਰੰਨ

ਲੱਕ ਬੰਨ੍ਹਕੇ

ਮੁਕੱਦਮਾ ਲੜਦੀ ਸੀ

(ਮਧਾਣੀ)

ਜਾਂ

ਘੁਮਾਰਾਂ ਵਾਲੀ ਛੱਪੜੀ

ਦਖਾਣੀ ਪਾਇਆ ਗਾਹ

ਗੁਣਾ ਗੁਣਾ ਰੋਲ਼ ਲੈ

ਹੇਠ ਵਗੇ ਦਰਿਆ

(ਚਾਟੀ 'ਚ ਮਧਾਣੀ)

ਅਤੇ

ਐਨੀ ਕੁ ਕੁੜੀ ਆਕੇ ਦੀ
ਦਰ ਭੀੜਾ ਬਹੂ ਤਮਾਸ਼ੇ ਦੀ

(ਮਧਾਣੀ)

ਹੋਰ
ਇਕ ਰੰਨ
ਚਾਰ ਕੰਨ
ਲੱਕ ਬੰਨ੍ਹ ਘੁੰਮੇਂ

(ਮਧਾਣੀ)

ਜਾਂ
ਆਲੇ ਦੁਆਲੇ
ਠੀਕਰੀਆਂ ਦਾ ਬਾੜਾ
ਗੱਭੇ ਕਾਠ ਦਾ ਘੁਲਾੜਾ
ਹੇਠਾਂ ਪਾਣੀ ਉੱਤੇ ਗਾਰਾ

(ਮੱਖਣ)

ਅਤੇ
ਥਮਲੇ ਉੱਤੇ ਬੰਗਲਾ ਬਣਾਇਆ
ਜਦ ਆਈ ਦੂਜੀ ਸਵੇਰ
ਥਮਲਾ ਉੱਤੇ ਬੰਗਲਾ ਹੇਠ

(ਮਧਾਣੀ ਦੇ ਫੁੱਲ)

ਮੱਖਣ ਬਾਰੇ ਕਈ ਹੋਰ ਬੁਝਾਰਤਾਂ ਇਸ ਪ੍ਰਕਾਰ ਹਨ :-

ਕੀਹਨੇ ਕੁੰਡਾ ਖੜਕਾਇਆ
ਮੈਂ ਮਾਸੀ ਤੇਰਾ ਤਾਇਆ
ਆਓ ਜੀਜਾ ਜੀ ਬੈਠੋ

ਨਾ ਭੂਆ ਜੀ ਚਲਦੇ ਹਾਂ

(ਮੱਖਣ)

ਇਸ ਤੋਂ ਵੱਧ ਇਕ ਹਾਸ ਰਸੀ ਬੁਝਾਰਤ ਹੈ :-

ਪਹਿਲਾਂ ਜੰਮੀ ਮੈਂ
ਮਗਰੋ ਜੰਮੀ ਮਾਈ
ਰੁਲ ਖੁਲ ਕੇ ਮੇਰਾ ਪਿਓ ਜੰਮਿਆ
ਮਗਰੋਂ ਜੰਮੀ ਦਾਈ

(ਦੁਧ, ਮਲਾਈ, ਮੱਖਣ, ਲੱਸੀ)

ਅਤੇ

ਬਹੂ ਆਈ ਆਪੇ
ਚਾਰ ਲਿਆਈ ਕਾਕੇ
ਇਕ ਗੋਦੀ ਇਕ ਮੋਢੇ
ਇਕ ਬਾਪੂ ਬਾਪੂ ਆਖੇ

(ਮੱਖਣ)

ਮੱਖਣ ਤੋਂ ਘੀ ਬਨਣ ਬਾਰੇ ਵੀ ਇਕ ਬੁਝਾਰਤ ਘੜ ਲਈ ਹੈ ਕਿਸੇ ਨੇ:-

ਐਨੀ ਕੁ ਕੋਠੜੀ
ਹਰਾ ਤੋਤਾ ਨਾਉਂਦਾ
ਉੱਠ ਨੀ ਦਮੋਗਰੀ
ਨਵਾਂ ਹਾਕਮ ਆਉਂਦਾ

(ਘੀ)

ਬੁਝਾਰਤਾਂ ਨੂੰ ਪਿਆਰਨ ਵਾਲੀ ਰੂੰ ਦੇ ਗੋਹੜੇ ਕਰਵਾਣ ਲਈ ਪੇਂਜੇ ਦੇ ਘਰ ਜਾਂਦੀ ਹੈ। ਤਾੜੇ ਦੇ ਤੰਦ ਤੇ ਵਜਦੀ ਮੋਗਰੀ ਉਸ ਨੂੰ ਇਕ ਬਲੂੰਗੜਾ ਜਾਪਦੀ ਹੈ :-

ਚੰਮ ਦੀ ਪੀਂਘ

ਬਲੂੰਗੜਾ ਡੂਟੇ

(ਤਾੜਾ)

ਤੰਦ ਚੋਂ ਪੈਦਾ ਹੋਈ ਆਵਾਜ਼ ਤਾੜੇ ਦੀਆਂ ਆਹਾਂ ਜਾਪਦੀਆਂ ਹਨ :-

ਐਨੀ ਕੁ ਲੱਕੜੀ
ਟਿਆਊਂ ਟਿਆਊਂ ਪੁਕਾਰੇ
ਜਿਸ ਭੜੂਏ ਦਾ ਕੰਮ ਸਵਾਰਾਂ
ਉਹੀ ਮੈਨੂੰ ਮਾਰੇ

(ਤਾੜਾ)

ਰੂੰ ਕਰਵਾ ਕੱਤਣ ਲਈ ਚਰਖਾ ਡਾਹ ਲਿਆ ਜਾਂਦਾ ਹੈ। ਚਰਖੇ ਦੇ ਗੇੜੇ ਦੇ ਨਾਲੋਂ ਨਾਲ ਚਰਖੇ ਬਾਰੇ ਬੁਝਾਰਤਾਂ ਰੂਪਮਾਨ ਹੁੰਦੀਆਂ ਜਾਂਦੀਆਂ ਹਨ :-

ਇਕ ਮਰਦ ਨੇ ਮਰਦ ਬਣਾਇਆ
ਤੀਵੀਂ ਦੇ ਵੱਸ ਪਾਇਆ
ਤੀਵੀਂ ਨੇ ਐਸੀ ਕਰੀ
ਉਹਦੀ ਛਾਤੀ ਤੇ ਲੱਤ ਧਰੀ

(ਚਰਖਾ)

ਚਰਖੇ ਦੀ ਬਣਤਰ ਬਾਰੇ ਇਕ ਬੁਝਾਰਤ ਇਸ ਤਰ੍ਹਾਂ ਹੈ :-

ਤਿੰਨ ਪਏ
ਪੰਜ ਖੜੇ
ਅੱਠ ਲਿਆਵਣ ਗੇੜ੍ਹਾ
ਮੇਰੀ ਬਾਤ ਬੁਝ ਲੈ
ਨਹੀਂ ਬਣ ਜਾ ਚੇਲਾ ਮੇਰਾ

(ਚਰਖਾ)

ਕੱਤੇ ਗਏ ਦੁਧ ਚਿੱਟੇ ਗਲੋਟੇ ਜਾਂ ਨੀਚਲੇ ਆਂਡਿਆਂ ਵਾਕਰ ਜਾਪਦੇ ਹਨ :-

ਸੁੱਕਾ ਠੀਕਰ
ਆਂਡੇ ਦੇਵੇ
ਜਾਂ
ਸੁੱਕਾ ਦਰੱਖਤ
ਆਂਡੇ ਦੇਵੇ

(ਨੀਚਲੇ)

ਸੂਤ ਕਤਕੇ ਅਟੇਰਿਆ ਜਾਂਦਾ ਹੈ। ਅਟੇਰਨ ਸਮੇਂ ਸਲਾਈ ਵਿਚ ਪਾਇਆ ਹੋਇਆ ਨੀਚਲਾ ਇਕ ਅਣੋਖਾ ਜਿਹਾ ਨਾਚ ਨਚਦਾ ਹੈ। ਇਹੀ ਨਾਚ ਕਿਸੇ ਦੇ ਮਨ ਨੂੰ ਭਾਅ ਜਾਂਦਾ ਹੈ :-

ਗਿਣਤੀ ਮਾਰ
ਗੜੀਚੋ ਨੱਚੋ

(ਨੀਚਲਾ ਤੇ ਅਟੇਰਨ)

ਅਟੇਰਨ ਤੋਂ ਬਾਅਦ ਅੱਟੀਆਂ ਬਣਾ ਕੇ ਸੂਤ ਜੁਲਾਹਿਆਂ ਦੇ ਘਰ ਭੇਜ ਦਿੱਤਾ ਜਾਂਦਾ ਹੈ। ਉਥੇ ਉਸ ਨਾਲ ਤਾਣਾ ਤਣਿਆ ਜਾਂਦਾ ਹੈ :-

ਗਿਠ ਕੁ ਕੁੜੀ
ਘਗਰੀ ਪਾ ਕੇ ਤੁਰੀ

(ਜੁਲਾਹਿਆਂ ਦੀ ਊਰੀ)

ਜੁਲਾਹਿਆਂ ਦੇ ਘਰੋਂ ਕਪੜਾ ਤਿਆਰ ਹੋ ਕੇ ਆ ਗਿਆ। ਹੁਣ ਕਪੜਾ ਸੀਣ ਲਈ ਸੂਈ ਧਾਗੇ ਦੀ ਲੋੜ ਭਾਸੀ। ਧਾਗੇ ਬਾਰੇ ਵੀ ਬੁਝਾਰਤਾਂ ਰਚ ਲਈਆਂ ਗਈਆਂ :-

ਨਿੱਕੀ ਜਿਹੀ ਕੁੜੀ
ਲੈ ਪਰਾਂਦਾ ਤੁਰੀ

(ਸੂਈ ਧਾਗਾ)

ਜਾਂ

ਉਂਗਲ ਕੁ ਕੁੜੀ
ਗਜ਼ ਦਾ ਨਾਲ਼ਾ

(ਸੂਈ ਧਾਗਾ)

ਅਤੇ

ਤੇਰੀ ਮਾਂ ਭੱਜੀ ਫਿਰੇ
ਮੇਰਾ ਬਾਈ ਦੱਬੀ ਫਿਰੇ

(ਸੂਈ ਧਾਗਾ)

ਹੋਰ

ਇੰਨਾ ਕੁ ਤਿਲੀਅਰ ਤ਼ਰਦਾ ਜਾਵੇ
ਗਿਣ ਗਿਣ ਆਂਡੇ ਧਰਦਾ ਜਾਵੇ

(ਸੂਈ ਧਾਗਾ)

ਜਾਂ

ਦੁਬਲੀ ਪਤਲੀ ਗੁਣ ਭਰੀ
ਆਈ ਸੀਸ ਨਵਾਏ
ਸੌ ਨਾਰ ਜਦ ਹੱਥ ਵਿਚ ਆਵੇ
ਵਿਛੜੇ ਦਏ ਮਲਾਏ

(ਸੂਈ)

ਦਰਵਾਜੇ (ਤਖ਼ਤੇ) ਆਦਿ ਨੇ ਵੀ ਆਪਣੀ ਥਾਂ ਬੁਝਾਰਤਾਂ ਵਿਚ ਬਣਾ ਲਈ ਹੈ :-

ਧਰ ਹਿੱਲੇ
ਧਰ ਦਾ ਹਿੱਲੇ ਪੀੜ
ਯਾ ਬੁੱਝੂ ਬਾਦਸ਼ਾਹ
ਯਾ ਬੁੱਝੂ ਵਜ਼ੀਰ

(ਦਰਵਾਜ਼ਾ)

ਜਾਂ

ਤੂੰ ਚਲ ਮੈਂ ਆਇਆ

(ਦਰਵਾਜ਼ਾ)

ਜਿਥੇ ਹੋਰ ਵਸਤੂਆਂ ਆਪਣੇ ਆਪਣੇ ਕੰਮ ਆਉਂਦੀਆਂ ਹਨ ਓਥੇ ਜਿੰਦਰਾ ਵੀ ਆਪਣੇ ਕੰਮ ਆਉਂਦਾ ਹੈ। ਜਿੰਦਰਾ ਤਾਂ ਘਰ ਦੀ ਰਾਖੀ ਦਾ ਜ਼ੁੰਮੇਵਾਰ ਹੈ :-

ਨਿੱਕਾ ਜਿਹਾ ਕਾਕਾ
ਘਰ ਦਾ ਰਾਖਾ

(ਜਿੰਦਰਾ)

ਜਾਂ

ਅੰਦਰ ਜਾਵਾਂ
ਬਾਹਰ ਜਾਵਾਂ
ਕਾਲੇ ਕੁੱਤੇ ਨੂੰ ਬਹਾਲ ਜਾਵਾਂ

(ਜਿੰਦਰਾ)

ਚੰਦ ਸੂਰਜ ਦੀ ਹੋਈ ਲੜਾਈ
ਮਿਰਚ ਛਡਾਉਣ ਆਈ

(ਜਿੰਦਰਾ ਕੁੰਜੀ)

ਜਾਂ

ਬਾਂਦਰ ਬੈਠਾ ਅੱਧ ਅਸਮਾਨ
ਨਾਲੇ ਮੰਗੇ ਤੀਰ ਕਮਾਨ
ਤੀਰ ਕਮਾਨ ਉਪੜੇ ਨਾ
ਬਾਂਦਰ ਹੇਠਾਂ ਉਤਰੇ ਨਾ

(ਜਿੰਦਰਾ ਕੁੰਜ਼ੀ)

ਇਥੇ ਹੀ ਬਸ ਨਹੀਂ ਸਗੋਂ :-

ਬਾਪੂ ਦੇ ਕੰਨ 'ਚ
ਬੇਬੇ ਬੜਗੀ

(ਜਿੰਦਰਾ ਕੁੰਜੀ)

. ਕਿਸੇ ਨੇ ਪੰਘੂੜੇ ਤੇ ਹੂਟਾ ਲਿਆ। ਉਸ ਬਾਰੇ ਵੀ ਉਹਨੇ ਇਕ ਅੱਧ ਬੁਝਾਰਤ ਰਚ ਲਈ :-

ਔਂਤਰਿਆਂ ਦੀ ਘੋੜੀ
ਇਕ ਚੜ੍ਹੇ ਤਾਂ ਦੌੜੇ ਨਾਹੀਂ
ਦੋ ਚੜ੍ਹੇ ਤਾਂ ਦੌੜੀ

(ਪੰਘੂੜਾ)

ਵਸੀਅਰ ਕਾਲੇ ਕੇਸ ਸੰਵਾਰਨ ਸਮੇਂ ਕੰਘੀ ਦੀ ਵਰਤੋਂ ਕੀਤੀ ਕਿਸੇ ਨੇ। ਵਰਤੋਂ ਸਮੇਂ ਇਹਦੇ ਬਾਰੇ ਵੀ ਬੁਝਾਰਤ ਘੜ ਲਈ :-

ਚਾਰ ਉਂਗਲਾਂ ਦੀ ਲਕੜੀ
ਗੱਭੇ ਉਹਦੇ ਮੁੱਠ
ਬੁਝਣੀਏਂ ਬੁੱਝ
ਨਹੀਂ ਐਥੋਂ ਉੱਠ

(ਕੰਘੀ)

ਅਤੇ

ਇਕ ਨਾਰ ਕਰਤਾਰੋ
ਓਹ ਰਾਹੇ ਰਾਹੇ ਜਾਵੇ
ਸਿਧਿਆਂ ਨਾਲ ਸਿੱਧੀ ਚੱਲੇ
ਪੁਠਿਆਂ ਨੂੰ ਸਮਝਾਵੇ

(ਕੰਘੀ)

ਬੁੱਢੀ ਨੂੰ ਘਗਰਾ ਪਾਂਦਿਆਂ ਤੱਕਕੇ ਕਿਸੇ ਚੰਚਲ ਮਨ ਨੇ ਬੁਢੀ ਦੀ ਧੀ ਨੂੰ ਝੱਟ ਆਖ ਦਿੱਤਾ :-

ਤੇਰੀ ਮਾਂ ਦੀਆਂ
ਖੂਹ 'ਚ ਲੱਤਾਂ

(ਘੱਗਰਾ)

ਜੁੱਤੀ ਬਾਰੇ ਵੀ ਸੋਹਣੀਆਂ ਬੁਝਾਰਤਾਂ ਰਚੀਆਂ ਹਨ ਕਿਸੇ ਨੇ :-

ਓਹਲਣੀ ਮੋਹਲਣੀ
ਦਰਾਂ ਵਿਚ ਖੋਹਲਣੀ

(ਜੁੱਤੀ)

ਜਾਂ

ਚਾਰ ਉਂਗਲ ਦਾ ਕੋਠਾ
ਚਾਰ ਵਿਚ ਮੱਝਾਂ ਬੜੀਆਂ
ਪੰਜਵਾਂ ਬੜ ਗਿਆ ਝੋਟਾ

(ਜੁੱਤੀ)

ਹੋਰ

ਕਾਣੀ ਮੈਸ
ਕੰਡਿਆਂ ਨੂੰ ਖਾਣੀ
ਪਾਣੀ ਤੋਂ ਮੁੜ ਜਾਣੀ

(ਜੁੱਤੀ)

ਅਤੇ

ਬਾਤ ਪਾਵਾਂ ਬਾਤ ਪਾਵਾਂ
ਬਾਤ ਪਾਵਾਂ ਮੂੰਗਲੀ
ਪੈਣੇਂ ਤਾਂ ਪੈਜਾ
ਨਹੀਂ ਦੇਊਂ ਉਂਗਲੀ

(ਜੁੱਤੀ)

ਗਰਮੀਆਂ ਦੇ ਦਿਨਾਂ ਵਿਚ ਕੋਠੇ ਉਤੇ ਬੈਠੀ ਧੀ ਆਪਣੀ ਮਾਂ ਨੂੰ ਸੁਨੇਹਾ ਘਲਦੀ ਹੈ ਕਿ ਹੱਥ ਪੱਖਾ ਘਲ ਦੇਵੇ।

ਹਿਲਣਾ ਹਿਲਾਉਣਾ
ਹਿਲ ਠੰਢ ਪਾਉਣਾ
ਕਹਿ ਦਿਓ ਮੇਰੀ ਮਾਂ ਨੂੰ
ਹਿਲਣਾ ਪਚਾਉਣਾ

(ਪੱਖਾ)

ਘੁਮਾਰਾਂ ਦੀ ਗੂਣ ਤੱਕਕੇ ਵੀ ਕੋਈ ਬੱਚਾ ਝਟ ਆਖ ਦੇਂਦਾ ਹੈ :-

ਇਕ ਕੁੜੀ
ਦੋ ਢਿੱਡੀਆਂ

(ਘੁਮਾਰਾਂ ਦੀ ਗੂਣ)

ਝਿਊਰਾਂ ਦੀ ਮਸ਼ਕ ਤੱਕਕੇ ਵੀ ਕਿਸੇ ਨੇ ਸੋਹਣੀ ਬੁਝਾਰਤ ਰਚੀ ਹੈ :-

ਨਿੱਕੀ ਜਹੀ ਬੱਕਰੀ
ਮੋਹਲੇ ਜਿੱਡੀ ਧਾਰ
ਦੁੱਧ ਪੰਜ ਮਣ

(ਮਸ਼ਕ)

ਜੱਟ ਤਰਖਾਣਾਂ ਦੇ ਕਾਰਖਾਨੇ ਫਾਲਾ ਡੰਗਾਉਣ ਲਈ ਜਾਂਦਾ ਹੈ। ਅੱਗੇ ਤਰਖਾਣ ਚੰਮ ਦੀ ਭੂਕਣੀ ਨਾਲ ਹਵਾ ਮਾਰ ਅੱਗ ਤੇਜ਼ ਕਰ ਰਿਹਾ ਹੁੰਦਾ ਹੈ। ਭੂਕਣੀ ਦੀ ਸ਼ਕਲ ਤਕ ਉਹਨੂੰ ਸੱਸ ਨੂੰਹ ਗੁਛਮ ਗੁੱਛਾ ਹੋਈਆਂ ਚੇਤੇ ਆ ਜਾਂਦੀਆਂ ਹਨ :-

ਸੌਣ ਭਾਦੋਂ ਦੀ ਇਕੋ ਰੁੱਤ
ਸੱਸ ਨੂੰਹ ਦੀ ਇਕ ਗੁੱਤ

(ਭੂਕਣੀ)

ਨਵੀਂ ਨਵੇਲੀ ਦੇ ਗਲ ਵਿਚ ਪਾਇਆ ਹੋਇਆ ਚਾਂਦੀ ਦਾ ਤੰਦੀਰਾ ਵੀ ਬੁਝਾਰਤ ਦਾ ਵਿਸ਼ਾ ਬਣ ਜਾਂਦਾ ਹੈ :-

ਇੰਨੂੰ ਜਿਹਾ
ਮਿੰਨੂੰ ਜਿਹਾ
ਦੁਧ ਦਾ ਭੇਸ
ਬੁਝਣੀਏਂ ਬੁੱਝ
ਨਹੀਂ ਲਾਹਦੇ ਖੇਸ

(ਤੰਦੀਰਾ)

ਨਵੀਂਆਂ ਨਵੇਲੀਆਂ ਵਹੁਟੀਆਂ ਸੁਰਮੇ ਦਾਨੀਆਂ ਦੀ ਵਰਤੋਂ ਵੀ ਆਮ ਕਰਦੀਆਂ ਹਨ। ਸੁਰਮੇ ਦਾਨੀ ਬਾਰੇ ਵੀ ਸੋਹਣੀ ਬੁਝਾਰਤ ਹੈ :-

ਨਿੱਕੀ ਜਹੀ ਘੜੀ
ਰਾਣੀ ਵੀ ਨਾਹਤੀ
ਰਾਜਾ ਵੀ ਨਾਹਤਾ
ਉਹ ਭਰੀ ਦੀ ਭਰੀ

(ਸੁਰਮੇਂ ਦਾਨੀ)

ਸਵੇਰੇ ਸਵੇਰੇ ਕੋਈ ਬੁਝਾਰਤਾਂ ਦਾ ਰਸੀਆ ਬਾਹਰ ਨਿਕਲਿਆ ਉਹਨੇ ਵੇਖਿਆ ਹਿੰਦੂ ਅਤੇ ਮੁਸਲਮਾਨ ਦੋਨੋਂ ਦਾਤਣ ਕਰ ਰਹੇ ਸਨ। ਹਿੰਦੂ ਰਵਾਜ ਅਨੁਸਾਰ ਹਿੰਦੂ ਨੇ ਦਾਤਣ ਬਾਅਦ ਵਿਚ ਵਿਚਾਲਿਓਂ ਪਾੜ ਦਿੱਤੀ। ਪਰ ਮੁਸਲਮਾਨ ਨੇ ਇੰਝ ਨਾ ਕੀਤਾ। ਉਹਨੇ ਦਾਤਨ ਕਰਨ ਮਗਰੋਂ ਉਸੇ ਤਰ੍ਹਾਂ ਸਾਂਭ ਕੇ ਰੱਖ ਦਿੱਤੀ। ਇਹ ਵੱਖੋ ਵੱਖਰੇ ਰਵਾਜ ਤਕ ਉਹਨੇ ਝੱਟ ਇਸੇ ਚੀਜ਼ ਨੂੰ ਆਪਣੀ ਬੁਝਾਰਤ ਦਾ ਵਿਸ਼ਾ ਬਣਾ ਲਿਆ :-

ਦਸਾਂ ਜਾਣਿਆਂ ਨੇ ਵਿਆਹ ਕੇ ਲਿਆਂਦੀ
ਬੱਤੀਆਂ ਦੀ ਨਾਰ
ਮੁਸਲਮਾਨ ਉਹਦੀ ਸੇਵਾ ਕਰਦੇ
ਹਿੰਦੂ ਦੇਂਦੇ ਮਾਰ

(ਦਾਤਣ)

ਖੇਤੀ ਬਾੜੀ ਦੇ ਸੰਦਾਂ ਬਾਰੇ ਵੀ ਕਿਸਾਨਾਂ ਨੇ ਬੁਝਾਰਤਾਂ ਰਚੀਆਂ ਹਨ।

ਖੇਤੀ ਕਰਨ ਦੇ ਤਕਰੀਬਨ ਹਰ ਸੰਦ ਬਾਰੇ ਕੋਈ ਨਾ ਕੋਈ ਬੁਝਾਰਤ ਜ਼ਰੂਰ ਮਿਲਦੀ ਹੈ :-

ਨਿੱਕਾ ਜਿਹਾ ਪਿੱਦੂ
ਭੂੰ ਭੂੰ ਕਰ ਕੇ
ਜਮੀਣ 'ਚ ਬੜ ਗਿਆ

(ਹਲ਼)

ਅਤੇ

ਭੁੱਬਲ ਵਿਚ
ਦੰਦਈਆ ਨੱਚੇ
ਪੂਛ ਮੇਰੇ ਹੱਥ

(ਖੁਰਪਾ)

ਹੋਰ

ਅੰਨ੍ਹਾ ਝੋਟਾ
ਵਟਾਂ ਢਾਉਂਦਾ ਜਾਂਦੈ

(ਕਹੀ)

ਜਾਂ

ਐਨੀ 'ਕ ਹਰਨੀ
ਸਾਰਾ ਖੇਤ ਚਰਨੀ
ਮੀਂਗਣ ਇਕ ਨਾ ਕਰਨੀ

(ਦਾਤਰੀ)

ਸੁਹਾਗੇ ਬਾਰੇ ਤਾਂ ਕਈ ਬੁਝਾਰਤਾਂ ਮਿਲਦੀਆਂ ਨੇ :-

ਚਾਰ ਘੋੜੇ
ਦੋ ਅਸਵਾਰ
ਬੱਘੀ ਚੱਲੇ
ਮਾਰੋ ਮਾਰ

(ਸੁਹਾਗਾ)

ਜਦ ਸੁਹਾਗਾ ਚਲਾਉਂਦੇ ਹਨ ਤਦ ਉਸ ਨੂੰ ਦੋ ਬਲਦਾਂ ਦੀਆਂ ਜੋੜੀਆਂ ਜੁਤਦੀਆਂ ਹਨ। ਸੁਹਾਗੇ ਤੇ ਖੜੇ ਦੋ ਜੱਟ ਉਨ੍ਹਾਂ ਨੂੰ ਹੱਕਦੇ ਹਨ।

ਬਾਹਰੋਂ ਆਇਆ ਕਰਮੂ
ਆਣ ਬਨ੍ਹਾਏ ਕੰਨ
ਕਰਮੂ ਟੁਰਦਾ ਵੀਹੀਂ ਟੰਗੀਂ
ਛੇ ਮੂੰਹ ਬਾਰਾਂ ਕੰਨ

(ਸੁਹਾਗਾ)

ਸੁਹਾਗੇ ਨੂੰ ਚਾਰ ਬਲਦ ਖਿਚਦੇ ਹਨ ਅਤੇ ਦੋ ਆਦਮੀ ਦਬਦੇ ਹਨ। ਇਸ ਤਰ੍ਹਾਂ ਸੋਲਾਂ ਬਲਦਾਂ ਦੀਆਂ ਅਤੇ ਚਾਰ ਆਦਮੀਆਂ ਦੀਆਂ ਵੀਹ ਟੰਗਾਂ ਹੋ ਜਾਂਦੀਆਂ ਹਨ, ਛੇ ਮੂੰਹ ਹੋ ਜਾਂਦੇ ਨੇ ਅਤੇ ਬਾਰਾਂ ਕੰਨ।

ਗੰਨਿਆਂ ਦਾ ਬੇਲਣਾ ਦਿਨ ਤੇ ਰਾਤੀਂ ਚਲਾਈ ਜਾਈਦਾ ਹੈ। ਸੋ ਬੇਲਣੇ ਬਾਰੇ ਬੁਝਾਰਤ ਇਸ ਤਰ੍ਹਾਂ ਘੜੀ ਹੈ ਕਿਸੇ ਨੇ :-

ਬਾਤ ਪਾਵਾਂ ਘਊ ਦੀ
ਦਿਨ ਚੜ੍ਹ ਰਾਤ ਪਊ ਗੀ

ਚਲਦੇ ਹਲਟ ਦਾ ਨਜ਼ਾਰਾ ਕਿਸੇ ਨੇ ਇਸ ਤਰ੍ਹਾਂ ਬੰਨ੍ਹਿਆ ਹੈ :-

ਆਰ ਡਾਂਗਾਂ
ਪਾਰ ਡਾਂਗਾਂ
ਵਿਚ ਟੱਲਮ ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ
ਨਦੀ ਨਾਵਣ ਚੱਲੀਆਂ।

♦♦♦

# ਸਮੇਂ ਸਮੇਂ ਸਿਰ

ਜਿਸ ਤਰ੍ਹਾਂ ਪੰਜਾਬ ਦੇ ਲੋਕ-ਗੀਤ ਇੱਕੋ ਸਮੇਂ ਨਹੀਂ ਰਚੇ ਗਏ ਉਸੇ ਤਰ੍ਹਾਂ ਪੰਜਾਬੀ ਲੋਕ-ਬੁਝਾਰਤਾਂ ਵੀ ਕਿਸੇ ਖਾਸ ਸਮੇਂ ਦੀ ਦੇਣ ਨਹੀਂ। ਪੰਜਾਬੀ ਮਨ ਤੇ ਸਮੇਂ ਸਮੇਂ ਕਿਸੇ ਵਸਤੂ ਦਾ ਪ੍ਰਭਾਵ ਪਿਆ। ਉਸੇ ਪ੍ਰਭਾਵ ਦੇ ਅਧੀਨ ਇਹ ਲੋਕ-ਬੁਝਾਰਤਾਂ ਰਚ ਲਈਆਂ ਗਈਆਂ। ਹੇਠ ਦਿੱਤੀਆਂ ਕੁਝ ਲੋਕ-ਬੁਝਾਰਤਾਂ ਸਪੱਸ਼ਟ ਕਰ ਦੇਣਗੀਆਂ ਕਿ ਇਹ ਕਿਵੇਂ ਸਮੇਂ ਦੇ ਬਦਲਣ ਨਾਲ ਕਿਸੇ ਵਿਸ਼ੇਸ਼ ਵਸਤੂ ਦੇ ਪ੍ਰਭਾਵ ਥੱਲੇ ਉਤਪੰਨ ਹੁੰਦੀਆਂ ਰਹੀਆਂ ਹਨ।

ਸਭ ਤੋਂ ਪਹਿਲਾਂ ਆਉਣ ਜਾਣ ਦੇ ਸਾਧਨਾਂ ਬਾਰੇ ਰਚੀਆਂ ਬੁਝਾਰਤਾਂ ਹੇਠ ਦਿੱਤੀਆਂ ਜਾਂਦੀਆਂ ਹਨ।

ਉਹ ਵੀ ਸਮਾਂ ਸੀ ਜਦ ਮੋਟਰਾਂ, ਰੇਲ ਗੱਡੀਆਂ ਤੇ ਹਵਾਈ ਜਹਾਜ਼ ਨਹੀਂ ਸਨ। ਉਸ ਸਮੇਂ ਸਫਰ ਬੈਲ ਗੱਡੀਆਂ ਅਤੇ ਟਾਂਗਿਆਂ ਰਾਹੀਂ ਕੀਤਾ ਜਾਂਦਾ ਸੀ। ਕਿਸੇ ਨੇ ਟਾਂਗੇ ਤੇ ਸਫਰ ਕੀਤਾ, ਪੱਲਿਓਂ ਪੈਸੇ ਦਿੱਤੇ ਅਤੇ ਵਾਧੂ ਦਿਆਂ ਹਚਕੋਲਿਆਂ ਨਾਲ ਹੱਡੀਆਂ ਪਸਲੀਆਂ ਭੰਨਵਾ ਲਈਆਂ :-

ਖੜ ਖੜ ਮੰਜਾ
ਲੇਫ ਤਲਾਈ
ਬੁੱਝਣ ਵਾਲਿਆ
ਧੇਲੀ ਭਰਨੀ ਆਈ

(ਟਾਂਗਾ)

ਫੇਰ ਸਾਈਕਲ ਆ ਗਏ। ਪਹਿਲਾਂ ਪਹਿਲਾਂ ਸਾਰੇ ਪਿੰਡ ਵਿਚ ਇਕ ਅੱਧ ਹੀ ਸਾਈਕਲ ਹੋਇਆ ਕਰਦਾ ਸੀ। ਲੋਕੀਂ ਵੇਖਣ ਆਉਂਦੇ ਸਨ ਇਸ ਅਣੋਖੀ ਸਵਾਰੀ ਨੂੰ। ਸਾਈਕਲ ਬਾਰੇ ਵੀ ਆਪ ਮੁਹਾਰੇ ਬੁਝਾਰਤ ਬਣ ਗਈ :-

ਘੋੜਾ ਹੈ ਪਰ ਘਾਹ ਨਹੀਂ ਖਾਂਦਾ
ਖੜਾ ਕਰੋ ਤਾਂ ਡਿਗ ਡਿਗ ਜਾਂਦਾ

(ਸਾਈਕਲ)

ਉਨੀਵੀਂ ਸਦੀ ਦੇ ਮੱਧ ਵਿਚ ਰੇਲ ਗੱਡੀਆਂ ਦਾ ਪੰਜਾਬ ਵਿਚ ਜਾਲ ਜਿਹਾ ਵਿਛ ਗਿਆ। ਸਟੇਸ਼ਨ ਤੋਂ ਟੁਰਦੀ ਗੱਡੀ ਪੰਜਾਬੀਆਂ ਨੂੰ 'ਹੀਰ ਮਜਾਜਣ' ਜਾਪੀ। ਜਿਥੇ ਉਨ੍ਹਾਂ ਨੇ ਲੋਕ-ਗੀਤ ਰਚੇ ਓਥੇ ਲੋਕ-ਬੁਝਾਰਤਾਂ ਵੀ ਰੂਪਮਾਨ ਕਰ ਲਈਆਂ :-

ਨਿੱਕੇ ਨਿੱਕੇ ਟੋਟਰੇ
ਸੰਦੂਕ ਚੱਕੀਂ ਜਾਂਦੇ ਨੇ
ਰਾਜਾ ਪੁੱਛੇ ਰਾਣੀ ਨੂੰ
ਕੀ ਜਨੌਰ ਜਾਂਦੇ ਨੇ

(ਰੇਲ ਗੱਡੀ)

ਜਨੌਰ ਵੀ ਅਜਿਹੇ ਜਿਨ੍ਹਾਂ ਦਾ ਮੁੱਲ ਲੱਖਾਂ ਰੁਪਏ ਹੈ :-

ਇਕ ਜਨੌਰ ਐਸਾ
ਉਸ ਦੇ ਪੈਰ ਪੈਰ ਤੇ ਪੈਸਾ
ਉਹਦੇ ਚੋਟੀ ਉੱਤੇ ਫੁੱਲ
ਉਸਦਾ ਲੱਖ ਰੁਪਿਆ ਮੁੱਲ

(ਰੇਲ ਗੱਡੀ)

ਸਟੇਸ਼ਨ ਤੋਂ ਤੁਰਨ ਲਗਿਆਂ ਗੱਡੀ ਦਾ ਇੰਜਣ ਧੂੰਆਂ ਛਡਦਾ ਹੈ। ਧੂੰਆਂ ਵੇਖ ਬੁਝਾਰਤ ਰਚਨ ਵਾਲੇ ਨੇ ਜ਼ਰਾ ਵੀ ਦੇਰ ਨਾ ਲਾਈ :-

ਇੱਕ ਜ਼ਨਾਨੀ
ਹੁੱਕਾ ਪੀਣੋਂ ਹਟਦੀ ਨਹੀਂ

(ਰੇਲ ਗੱਡੀ)

ਜਦ ਬੁਝਾਰਤ ਦਾ ਕੋਈ ਰਸੀਆ ਪਹਿਲੀ ਵਾਰੀ ਗੱਡੀ ਵਿਚ ਸਵਾਰ ਹੋਇਆ ਤਾਂ ਉਹਨੂੰ ਸਾਰੀਆਂ ਸਵਾਰੀਆਂ ਓਪਰੀਆਂ ਜਾਪੀਆਂ :-

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਚੌਹਾਂ ਕੂੰਟਾਂ ਦੇ ਮੁੰਡੇ

(ਰੇਲ ਗੱਡੀ)

ਅਤੇ

ਬਾਰਾਂ ਕੁਛੜ
ਬਾਰਾਂ ਪੇਟ
ਬਾਰਾਂ ਬੈਠੇ ਟਾਹਲੀ ਹੇਠ
ਬਾਰਾਂ ਹੋਰ ਲਿਆਉਨੀਆਂ

(ਰੇਲ ਗੱਡੀ)

ਗੱਡੀ ਵਿਚ ਵਰਤੀ ਗਈ ਲਕੜੀ ਬਾਰੇ ਧਿਆਨ ਕਰਦਿਆਂ ਕਿਸੇ ਨੇ ਬੁਝਾਰਤ ਘੜ ਲਈ :-

ਬਣ ਵਿਚ ਵੱਢੀ
ਬਣ ਵਿਚ ਟੁੱਕੀ
ਬਣ ਵਿਚ ਲਈ ਸ਼ੰਗਾਰ
ਬਾਰਾਂ ਵਰਸ ਮੈਨੂੰ ਵਿਆਹੀ ਨੂੰ ਹੋ ਗਏ
ਨਾ ਦੇਖਿਆਂ ਘਰ ਬਾਰ

(ਰੇਲ ਗੱਡੀ)

ਦੂਜੀ ਵੱਡੀ ਜੰਗ ਵਿਚ ਹਵਾਈ ਜਹਾਜ਼ਾਂ ਦੀ ਵਧੇਰੇ ਵਰਤੋਂ ਹੋਈ। ਪੰਜਾਬੀਆਂ ਨੇ ਇਸ ਨੂੰ ਅਸਮਾਨੀ ਉਡਾਰੀਆਂ ਲਾਂਦਿਆਂ ਤੇ ਅੱਖਾਂ ਤੋਂ ਓਹਲੇ ਹੁੰਦਿਆਂ ਤਕਿਆ।

ਚਿੱਟੇ ਚਿੱਟੇ ਕਪੜੇ
ਭਚਾਲੋਂ ਪਾਰ ਜਾਂਦੇ ਨੇ

ਰਾਜਾ ਪੁੱਛੇ ਰਾਣੀ ਨੂੰ
ਕੀ ਜਨੌਰ ਜਾਂਦੇ ਨੇ

(ਹਵਾਈ ਜਹਾਜ਼)

ਦੋਨੋਂ ਵੱਡੀਆਂ ਜੰਗਾਂ ਤੋਂ ਪਹਿਲਾਂ ਬਰਛੀਆਂ ਅਤੇ ਨੇਜ਼ਿਆਂ ਜਹੇ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਕਿਸੇ ਕਿਸੇ ਕੋਲ ਤੋੜੇਦਾਰ ਬੰਦੂਕ ਹੁੰਦੀ ਸੀ। ਨੇਜ਼ੇ ਬਾਰੇ ਬੁਝਾਰਤ ਇਸ ਤਰ੍ਹਾਂ ਹੈ :-

ਨਿੱਕਾ ਜਿਹਾ ਗਲਾਸ
ਵਿਚ ਬੈਠਾ ਰਾਮ ਦਾਸ

(ਨੇਜ਼ਾ)

ਨੇਜੇ ਦੀ ਭੈਣ ਬਰਛੀ ਦਾ ਵਰਣਨ ਇਸ ਤਰ੍ਹਾਂ ਹੈ :-

ਇਕ ਅਚੰਭਾ ਦੇਖੋ ਚੱਲ
ਸੁਕੀ ਲੱਕੜੀ ਲੱਗਾ ਫੱਲ
ਜੇ ਕੋਈ ਉਸ ਫਲ ਨੂੰ ਖਾਏ
ਪੇਟ ਪਾੜ ਉਹ ਨਸ ਹੀ ਜਾਏ

(ਬਰਛੀ)

ਦੂਜੀ ਵੱਡੀ ਜੰਗ ਤੋਂ ਮਗਰੋਂ ਲੋਕੀ ਬੰਦੂਕਾਂ ਦੀ ਵਰਤੋਂ ਕਰਨ ਲੱਗ ਪਏ। ਪੰਜਾਬੀ ਜਿਹੜੇ ਫ਼ੌਜਾਂ ਵਿਚ ਜਾ ਕੇ ਲੜਦੇ ਰਹੇ ਹਨ, ਉਨ੍ਹਾਂ ਵਿਚ ਬਹੁਤੇ ਫ਼ੌਜੀਆਂ ਨੇ ਲਾਈਸੰਸਾਂ ਤੇ ਬੰਦੂਕਾਂ ਲੈ ਲਈਆਂ ਜਿਸਦਾ ਸਦਕਾ ਪੰਜਾਬ ਦਾ ਬੱਚਾ ਬੱਚਾ ਇਨ੍ਹਾਂ ਤੋਂ ਅਤੇ ਇਨ੍ਹਾਂ ਦੀਆਂ ਗੋਲੀਆਂ ਤੋਂ ਜਾਣੂੰ ਹੋ ਗਿਆ। ਬੰਦੂਕਾਂ ਬਾਰੇ ਹੇਠ ਕੁਝ ਬੁਝਾਰਤਾਂ ਦਿੱਤੀਆਂ ਜਾਂਦੀਆਂ ਹਨ :-

ਦੋ ਕੜੀਆਂ
ਕਾਠ ਵਿਚ ਜੜੀਆਂ
ਕੂਕਾਂ ਮਾਰ ਅਸਮਾਨੀਂ ਚੜ੍ਹੀਆਂ

(ਬੰਦੂਕ)

ਜਾਂ

ਅੜੀਆਂ ਅੜੀਆਂ

ਕੂਕਾਂ ਮਾਰ ਪਹਾੜੀਂ ਬੜੀਆਂ

(ਬੰਦੂਕ)

ਅਤੇ

ਬਿੰਗ ਤਲਿੰਗੀ ਲਕੜੀ

ਨਗੋਜੇ ਵਰਗੇ ਦੰਦ

ਬੁੱਝਣੀਏਂ ਬੁੱਝ ਲੈ

ਨਹੀਂ ਰੁਪਏ ਧਰਦੇ ਪੰਜ

(ਬੰਦੂਕ)

ਬੰਦੂਕ ਦੀ ਗੋਲੀ ਬਾਰੇ ਦੋ ਬੁਝਾਰਤਾਂ ਇਸ ਤਰ੍ਹਾਂ ਹਨ :-

ਐਤਨੀਂ ਕੁ ਲਕੜੀ

ਅਸਮਾਣ ਜਾਕੇ ਟੱਕਰੀ

(ਗੋਲੀ)

ਅਤੇ

ਐਤਨੀਂ ਕੁ ਡੱਬੀ

ਚੜ੍ਹਗੀ ਸਬੱਬੀ

ਨਾ ਘਰ ਘੋੜਾ

ਨਾ ਘਰ ਬੱਘੀ

(ਗੋਲੀ)

ਪਿੰਡਾਂ ਚੋਂ ਜਵਾਨ ਭਰਤੀ ਹੁੰਦੇ ਗਏ। ਖਾਸ ਚੀਜ਼ ਜਿਹੜੀ ਉਹ ਆਪਣੇ ਪੇਂਡੂ ਭਰਾਵਾਂ ਨੂੰ ਵਖਾਣ ਲਈ ਲਿਆਂਦੇ ਸਨ, ਉਹ ਸਨ ਘੜੀਆਂ ਟਾਈਮ ਵੇਖਣ ਲਈ। ਘੜੀ ਬਾਰੇ ਕਿਸੇ ਨੇ ਇਸ ਤਰ੍ਹਾਂ ਸੋਚਿਆ :-

ਨਾ ਉਹ ਹਿੱਲੇ
ਨਾ ਉਹ ਜੁੱਲੇ
ਪਰ ਦਿਨ ਰਾਤ ਚੱਲੇ

(ਘੜੀ)

ਫੋਟੋ ਖਿਚਵਾਣ ਦਾ ਰਿਵਾਜ ਵੀ ਹੁਣ ਤੋਂ ਹੀ ਪਿਆ ਹੈ ਪੇਂਡੂਆਂ ਨੂੰ। ਉਂਜ ਜੇ ਕੋਈ ਹੁਣ ਵੀ ਕਿਸੇ ਦੀ ਫੋਟੋ ਖਿਚ ਲਵੇ ਤਾਂ ਲੋਕੀ ਗਲ ਪੈ ਜਾਂਦੇ ਹਨ। ਪਰ ਪੜ੍ਹਿਆ ਲਿਖਿਆ ਤਬਕਾ ਤਾਂ ਇਸ ਬਾਰੇ ਕੋਈ ਇਤਰਾਜ਼ ਨਹੀਂ ਕਰਦਾ। ਅਨਪੜ੍ਹ ਜੋੜੇ ਕੱਠੀਆਂ ਤਸਵੀਰਾਂ ਲਾਹੁਣ ਤੋਂ ਬਹੁਤ ਝਿਜਕਦੇ ਹਨ। ਸੌ. ਵਿਚੋਂ ਇਕ ਅੱਧ ਮੌਜੀ ਜੋੜਾ ਹੀ ਫੋਟੋ ਖਿਚਵਾਂਦਾ ਹੈ। ਜੇਕਰ ਕਿਤੇ ਕੋਈ ਖਿਚਵਾ ਵੀ ਲਵੇ ਤਾਂ ਅੰਦਰ ਛੁਪਾ ਕੇ ਰੱਖ ਲੈਂਦੇ ਹਨ। ਫਰੇਮ ਵਿਚ ਜੜੀ ਫੋਟੋ ਬਾਰੇ ਇਕ ਬੁਝਾਰਤ ਹੈ :-

ਨਾ ਬੋਲ ਸਕਣ
ਨਾ ਸੁਣ ਸਕਣ
ਰਾਤੀਂ ਕਦੀ ਨਾ ਸੌਣ
ਪੁਰਸ਼ ਨਾਰ ਅਲਮਾਰੀ ਅੰਦਰ
ਚੁੱਪ ਕਰਕੇ ਬੈਠੇ ਰਹਿਣ

ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਤੋਂ ਹੀ ਆਟਾ ਪੀਸਣ ਵਾਲੀਆਂ ਚੱਕੀਆਂ ਦਾ ਰਵਾਜ਼ ਹੋਇਆ ਹੈ। ਜਦ ਪਹਿਲੀ ਵਾਰੀ ਕਿਸੇ ਨੇ ਚੱਕੀ ਦੇ ਘੁੱਗੂ ਦੀ ਆਵਾਜ਼ ਸੁਣੀ ਹੋਵੇਗੀ ਤਾਂ ਉਸ ਨੇ ਇਹ ਬੁਝਾਰਤ ਘੜ ਲਈ ਹੋਵੇਗੀ :-

ਨਿੱਤ ਉਠ ਕਰੇ ਪੁਕਾਰ
ਲੋਕਾਂ ਨੂੰ ਕੂਕ ਸੁਣਾਏ
ਬਹੁਤਾ ਖਾਏ ਭੋਜਨ
ਪਰ ਪੇਟ ਵਿਚ ਨਾਹੀਂ ਜਾਏ

(ਚੱਕੀ)

ਕੱਪੜੇ ਸੀਣ ਦੀਆਂ ਮਸ਼ੀਨ੍ਹਾਂ ਦੀ ਪਿੰਡਾਂ ਵਿਚ ਵਰਤੋਂ ਹੋਈ। ਸੀਂਦੀ ਮਸ਼ੀਨ ਦੇ ਤੋਪੇ ਕਿਸੇ ਨੂੰ ਚੰਗੇ ਚੰਗੇ ਲੱਗੇ। ਉਸ ਨੇ ਬੁਝਾਰਤ ਇੰਜ ਰਚ ਲਈ:-

ਐਨੀ 'ਕ ਤਿਰੀਆ
ਤਰਦੀ ਜਾਏ
ਗਿਣ ਗਿਣ ਆਂਡੇ
ਧਰਦੀ ਜਾਏ

(ਕਪੜੇ ਸੀਣ ਦੀ ਮਸ਼ੀਨ)

ਇਨ੍ਹਾਂ ਪੰਜਾਂ ਦਸਾਂ ਸਾਲਾਂ ਤੋਂ ਹੀ ਰੇਡੀਓ ਦੀ ਵਰਤੋਂ ਆਮ ਹੋਣ ਲੱਗੀ ਹੈ। ਹੁਣ ਤਾਂ ਪਿੰਡਾਂ ਵਿਚ ਵੀ ਕਿਸੇ ਕਿਸੇ ਘਰੋਂ ਰੇਡੀਓ ਦੀ ਆਵਾਜ਼ ਸੁਣਦੀ ਹੈ। ਕਈਆਂ ਪਿੰਡਾਂ ਦੀਆਂ ਪੰਚਾਇਤਾਂ ਸਾਂਝੇ ਰੇਡੀਓ ਲੈ ਆਈਆਂ ਹਨ। ਜਦ ਪਹਿਲੀ ਵਾਰੀ ਕਿਸੇ ਨੇ ਰੇਡੀਓ ਤੋਂ ਸੋਹਣੇ ਸੋਹਣੇ ਮਿੱਠੇ ਮਿੱਠੇ ਗੀਤ ਸੁਣੇ ਤਾਂ ਉਸ ਨੇ ਰੇਡੀਓ ਬਾਰੇ ਵੀ ਬੁਝਾਰਤਾਂ ਰੱਚ ਲਈਆਂ :-

ਸਈਓ ਨੀ
ਇਕ ਆਲਾ ਡਿੱਠਾ
ਬੋਲਦਾ ਸੀ ਬਹੁਤ ਮਿੱਠਾ

(ਰੇਡੀਓ)

ਕਿਸੇ ਨੇ ਬੱਚਿਆਂ ਦੇ ਪ੍ਰੋਗਰਾਮ ਵਿਚ ਤੋਤੇ ਦੀ ਆਵਾਜ਼ ਸੁਣੀ ਹੋਵੇਗੀ:-

ਕਾਠ ਦੀ ਸੰਦੂਕੜੀ
ਵਿਚ ਤੋਤਾ ਬੋਲੇ

(ਰੇਡੀਓ)

ਨਲਕੇ ਲੱਗੇ ਤੱਕ ਕੇ ਜਿਥੇ "ਖੂਹਾਂ ਟੋਭਿਆਂ ਤੇ ਮਿਲਣੋਂ ਰਹੀਆਂ, ਚੰਦਰੇ ਲਵਾਲੇ ਨਲਕੇ" ਵਰਗੇ ਲੋਕ-ਗੀਤ ਕਿਸੇ ਨੇ ਰਚ ਲਏ ਉਥੇ ਹਾਸ ਰਸੀ ਬੁਝਾਰਤ ਰਚਣ ਵਿਚ ਵੀ ਘੱਟ ਕਮਾਲ ਨਹੀਂ ਵਖਾਇਆ :-

ਬਾਬੇ ਦਾ ਬੋਕ

ਦੱਬੋ ਪੂਛ ਮਾਰੇ ਮੋਕ

(ਨਲਕਾ)

15 ਅਗਸਤ 1947 ਨੂੰ ਜਾਂਦੇ ਜਾਂਦੇ ਅੰਗ੍ਰੇਜ਼ ਸਾਡੇ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡ ਗਏ। ਜਨਾਹ ਨੇ ਆਪਣੇ ਮੁਸਲਮਾਨ ਭਰਾਵਾਂ ਲਈ ਜੱਨਤ ਦਾ ਟੁਕੜਾ 'ਪਾਕਿਸਤਾਨ' ਲੈ ਲਿਆ। ਪਾਕਿਸਤਾਨ ਬਣਨ ਪਿੱਛੋਂ ਹੁੱਕੇ ਬਾਰੇ ਬੁਝਾਰਤ ਰਚ ਕੇ ਇਹ ਵਿਸ਼ੇਸ਼ ਸਬੂਤ ਦੇ ਦਿੱਤਾ ਹੈ ਕਿ ਪੰਜਾਬੀ ਬੁਝਾਰਤਾਂ ਸਮੇਂ ਸਮੇਂ ਸਿਰ ਆਪਣਾ ਰੰਗ ਵਖਾਂਦੀਆਂ ਰਹੀਆਂ ਹਨ ਅਤੇ ਵਖਾਂਦੀਆਂ ਰਹਿਣਗੀਆਂ :-

ਕਾਬਲ ਕੁੱਜਾ ਚਾੜ੍ਹਿਆ
ਅੱਗ ਲੱਗੀ ਮੁਲਤਾਨ
ਦਿੱਲੀ ਕੂਕਾਂ ਮਾਰਦੀ
ਜਲ਼ ਗਿਆ ਪਾਕਿਸਤਾਨ

(ਹੁੱਕਾ)

♦♦♦

# ਇਕ ਰੰਗ ਹੋਰ

ਪੰਜਾਬੀ ਲੋਕ ਸਾਹਿਤ ਵਿਚ ਬੁਝਾਰਤਾਂ ਦੋ ਪ੍ਰਕਾਰ ਦੀਆਂ ਮਿਲਦੀਆਂ ਹਨ। ਇਕ ਵੰਨਗੀ ਉਨ੍ਹਾਂ ਬੁਝਾਰਤਾਂ ਦੀ ਹੈ ਜਿਨ੍ਹਾਂ ਦਾ ਉੱਤਰ ਕਿਸੇ ਵਸਤੂ ਆਦਿ ਦਾ ਨਾਂ ਦਸਕੇ ਦਿੱਤਾ ਜਾਂਦੈ। ਜਿਵੇਂ :-

ਕਾਬਲ ਕੂੰਜਾ ਚਾੜ੍ਹਿਆ
ਅੱਗ ਬਾਲੀ ਮੁਲਤਾਨ
ਦਿੱਲੀ ਕੂਕਾਂ ਮਾਰਦੀ
ਜਲ ਗਿਆ ਪਾਕਿਸਤਾਨ

ਉਪਰੋਕਤ ਬੁਝਾਰਤ ਦਾ ਉਤ੍ਰ 'ਹੁੱਕਾ' ਦੇ ਦਿਤਾ ਜਾਂਦੈ। ਦੂਜੀ ਵੰਨਗੀ ਉਨ੍ਹਾਂ ਬੁਝਾਰਤਾਂ ਦੀ ਹੈ ਜਿਨ੍ਹਾਂ ਦੇ ਉੱਤਰ ਲਈ ਕੋਈ ਘਟਨਾ ਜਾਂ ਕਹਾਣੀ ਸੁਣਾਈ ਜਾਂਦੀ ਏ। ਇਸ ਰੰਗ ਦੀਆਂ ਕੁਝ ਲੋਕ-ਬੁਝਾਰਤਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ :-

ਇਕ ਗਲ ਮੈਂ ਉਬੜ ਬਤਾਈ
ਟੰਗ ਚੱਕ ਅਸਮਾਨ ਚਲਾਈ
ਕਦ ਹਵਾ ਵਗੇ
ਕਦ ਟੰਗ ਝੜ੍ਹੇ
ਕਦ ਮੂਰਖ ਮਾਣਸ ਪਿੰਡ ਬੜੇ

ਉੱਪਰ ਦਿੱਤੀ ਬੁਝਾਰਤ ਦਾ ਉੱਤਰ ਦੇਣ ਲਈ ਨਿਮਨ ਲਿਖਤ ਘਟਨਾ ਸੁਣਾਉਣੀ ਪੈਂਦੀ ਹੈ :-

ਇਕ ਡੁੱਡਾ ਆਦਮੀ ਬਾਹਰ ਜਾਂਦਾ ਹੈ। ਰਸਤੇ ਵਿਚ ਜਾਂਦਿਆਂ ਜਾਂਦਿਆਂ ਇਕ ਬੇਰੀ ਦੇ ਲਾਲ ਸੂਹੇ ਬੇਰ ਆਪਣੇ ਵਲ ਖਿੱਚ ਲੈਂਦੇ ਹਨ। ਡੁੱਡੇ ਦਾ ਦਿਲ

ਕਰਦੈ ਕਿ ਉਹ ਬੇਰ ਖਾ ਲਵੇ। ਬੇਰ ਝਾੜਨ ਲਈ ਇੱਟਾਂ ਪੱਥਰ ਲਭਦਾ ਹੈ ਪਰ ਨਜ਼ਦੀਕ ਕੋਈ ਇੱਟ ਪੱਥਰ ਨਹੀਂ ਮਿਲਦਾ। ਤਰਕੀਬ ਸੁਝਦੀ ਹੈ। ਉਹ ਆਪਣੀ ਲੱਕੜ ਦੀ ਟੰਗ ਹੀ ਝਾੜਨ ਲਈ ਵਰਤਦਾ ਹੈ। ਪਰ ਟੰਗ ਬੇਰੀ ਉਪਰ ਹੀ ਫੱਸ ਜਾਂਦੀ ਹੈ। ਬਿਨਾਂ ਲੱਕੜ ਦੀ ਟੰਗ ਤੋਂ ਡੁੱਡਾ ਟੁਰ ਨਹੀਂ ਸਕਦਾ। ਹਵਾ ਦੀ ਆਸ ਤੇ ਮੂਰਖ ਬੈਠਾ ਰਹਿੰਦੈ।

ਚੌਂਹ ਟੰਗੇ ਤੇ ਦੋ ਟੰਗਾ ਬੈਠਾ
ਮੁਖ ਵਿਚ ਉਸ ਦੇ ਮੀਨ
ਨਹੀਂ ਰਹਿਗੀ ਬੁੜੀਆ ਕੱਲੀ
ਨਹੀਂ ਹੋਗੇ ਦੋ ਤੇ ਤੀਨ।

ਇਸ ਬੁਝਾਰਤ ਦੇ ਉਤਰ ਬਾਰੇ ਵਾਰਤਾ ਇਸ ਪ੍ਰਕਾਰ ਹੈ :-

ਇਕ ਰਾਜੇ ਦੀ ਬੇਟੀ ਬੁਝਾਰਤ ਪਾਉਂਦੀ ਹੈ, "ਚੌਂਹ ਟੰਗੇ ਤੇ ਦੋ ਟੰਗਾ ਬੈਠਾ, ਮੁਖ ਵਿਚ ਉਸ ਦੇ ਮੀਨ" ਬੁਝਾਰਤ ਦੇ ਨਾਲ ਉਹ ਸ਼ਰਤ ਵੀ ਲਾਉਂਦੀ ਹੈ ਕਿ ਜਿਹੜਾ ਏਸ ਬੁਝਾਰਤ ਦਾ ਉਤਰ ਠੀਕ ਦਸ ਦੇਵੇਗਾ ਉਹ ਉਸ ਦੇ ਨਾਲ ਸ਼ਾਦੀ ਕਰਵਾ ਲਵੇਗਾ। ਪਰ ਜਿਹੜਾ ਉਤਰ ਠੀਕ ਨਾ ਦੇ ਸਕਿਆ ਉਸ ਨੂੰ ਮਾਰ ਦਿੱਤਾ ਜਾਵੇਗਾ।

ਬੁਝਾਰਤ ਸੁਣ ਇਕ ਬੁਢੀ ਦਾ ਪੁੱਤਰ- ਜਿਹੜੇ ਕਿ ਇੱਕ ਟੱਬਰ ਦੇ ਦੋ ਜੀਅ ਹਨ- ਬੁਝਾਰਤ ਦਾ ਉਤਰ ਦੇਣ ਲਈ ਸਹਿਜ਼ਾਦੀ ਪਾਸ ਜਾਣ ਦੀ ਤਿਆਰੀ ਕਰਦਾ ਹੈ। ਜਾਣ ਲੱਗਿਆਂ ਉਹ ਕਹਿੰਦੈ :- "ਜੇ ਮੈਂ ਬੁਝਾਰਤ ਦਾ ਉੱਤਰ ਠੀਕ ਦੇ ਦਿੱਤਾ ਤਾਂ ਮੈਂ ਸ਼ਹਿਜ਼ਾਦੀ ਨਾਲ ਸ਼ਾਦੀ ਕਰਵਾ ਲਵਾਂਗਾ, ਇਸ ਤਰ੍ਹਾਂ ਅਸੀਂ ਦੋ ਜੀਆਂ ਤੋਂ ਤਿੰਨ ਜੀ ਹੋ ਜਾਵਾਂਗੇ। ਜੇਕਰ ਉਤਰ ਠੀਕ ਨਾ ਦੇ ਸਕਿਆ ਤਾਂ ਸ਼ਹਿਜ਼ਾਦੀ ਮੈਨੂੰ ਮਾਰ ਦੇਵੇਗੀ। ਇਸ ਤਰ੍ਹਾਂ ਵਿਚਾਰੀ ਬੁੜ੍ਹੀ ਇਕੱਲੀ ਰਹਿ ਜਾਵੇਗੀ। "

ਬੁਝਾਰਤ ਦਾ ਉੱਤਰ ਇੰਞ ਦਿੱਤਾ ਜਾਂਦੇ :-

ਚਰਦੀ ਮੱਝ ਉੱਤੇ- ਜੀਹਦੀਆਂ ਚਾਰ ਟੰਗਾਂ ਹਨ- ਇਕ ਬਗਲਾ- ਜਿਸਦੀਆਂ ਦੋ ਟੰਗਾਂ ਹਨ- ਬੈਠਾ ਏ ਉਸ ਦੇ ਮੂੰਹ ਵਿਚ ਮਛਲੀ ਫੜੀ ਹੋਈ ਏ।

ਆਖਨ ਮੈਂ ਕਾਖਨ ਪਏ
ਮੋਤੀ ਪਏ ਅਣਬਿੱਧ

ਕਾਮ ਕੰਦਲਾਂ ਨਾਚ ਨੱਚੇ
ਉੱਤੇ ਬੈਠਾ ਸਿੱਧ
ਸਿੱਧ ਦੀ ਨਿਗਾ ਕੁਬੱਲੀ
ਨਹੀਂ ਹੋਗੇ ਦੋ ਤੋਂ ਤਿੰਨ
ਨਹੀਂ ਬੁੜ੍ਹੀਆ ਰਹਿਗੀ ਕੱਲੀ

ਇਸ ਬੁਝਾਰਤ ਦਾ ਉਤਰ ਵੀ ਉਪਰੋਕਤ ਉਤਰ ਵਾਂਗ ਹੀ ਹੈ। ਉਸੇ ਤਰ੍ਹਾਂ ਸ਼ਹਿਜ਼ਾਦੀ ਸ਼ਰਤ ਲਾਉਂਦੀ ਹੈ ਅਤੇ ਇਕ ਬੁਢੀ ਦਾ ਪੁੱਤਰ ਉੱਤਰ ਦੇਣ ਲਈ ਜਾਂਦਾ ਹੈ।

ਉੱਤਰ ਇਸ ਤਰ੍ਹਾਂ ਹੈ :-

ਮੱਝ ਘਾਹ ਚਰ ਰਹੀ ਹੁੰਦੀ ਏ, ਉਸ ਦੀਆਂ ਅੱਖਾਂ ਦੇ ਬਾਲਾਂ ਉੱਤੇ ਮੋਤੀਆਂ ਦੇ ਦਾਣਿਆਂ ਵਾਂਗ ਤ੍ਰੇਲ ਤੁਪਕੇ ਪਏ ਹਨ। ਮੱਝ ਦੇ ਅੱਗੇ ਡੱਡ ਟਪੂਸੀਆਂ ਮਾਰ ਰਹੀ ਹੈ। ਮੱਝ ਦੀ ਪਿੱਠ ਉੱਤੇ ਬਗਲਾ ਸਮਾਧੀ ਮਾਰੀਂ ਡੱਡੀ ਨੂੰ ਚੁੱਕਣ ਲਈ ਤਿਆਰੀ ਕਰ ਰਿਹਾ ਏ।

ਚੰਨ ਚਾਨਣੀ ਰਾਤ
ਤਾਰਿਆਂ ਭਰੀ ਹੋਈ ਏ
ਸਾਡੇ ਤੇਰ੍ਹਵੀਂ ਤ੍ਰੀਕ
ਥੋਡੇ ਚੌਥ ਹੋਈ ਏ
ਚੰਨ ਚਾਨਣੀ ਰਾਤ
ਤਾਰਾ ਕੋਈ ਕੋਈ ਏ
ਥੋਡੇ ਤੇਰ੍ਹਵੀਂ ਤ੍ਰੀਕ
ਸਾਡੇ ਚੌਥ ਹੋਈ ਏ।

ਇਸ ਬੁਝਾਰਤ ਦੇ ਉੱਤਰ ਲਈ ਦੋ ਸੂਝਵਾਨ ਸਹੇਲੀਆਂ ਦੀ ਵਾਰਤਾ ਸੁਣਾਈ ਜਾਂਦੀ ਹੈ :-

ਅਜ ਦਾ ਨਹੀਂ ਸਗੋਂ ਪੁਰਾਣੇ ਸਮੇਂ ਤੋਂ ਇਹ ਰਵਾਜ ਚਲਿਆ ਆ ਰਿਹਾ ਏ ਕਿ ਕਿਸੇ ਤਿਉਹਾਰ ਆਦਿ ਦੇ ਸਮੇਂ ਘਰ ਵਿੱਚ ਜਿਹੜੇ ਪਦਾਰਥ ਬਣਾਏ ਜਾਂਦੇ ਹਨ ਉਨ੍ਹਾਂ ਨੂੰ ਇਸਤਰੀਆਂ ਇਕ ਦੂਜੀ ਦੇ ਘਰ ਭੇਜ ਦੇਂਦੀਆਂ ਹਨ।

ਇਸ ਤਰ੍ਹਾਂ ਸਾਂਝ ਕਾਇਮ ਰਹਿੰਦੀ ਏ। ਇਕ ਤ੍ਰਿਓਹਾਰ ਦੇ ਮੌਕੇ ਇਕ ਇਸਤਰੀ ਆਪਣੀ ਸਹੇਲੀ ਨੂੰ ਨੈਣ ਦੇ ਹੱਥ ਚਾਵਲ ਅਤੇ ਪਰੋਸੇ ਘਲਦੀ ਹੈ। ਉਹ ਚਾਹੁੰਦੀ ਹੈ ਕਿ ਪਰੋਸੇ ਪੂਰੀ ਗਿਣਤੀ ਵਿਚ ਹੀ ਸਹੇਲੀ ਦੇ ਘਰ ਪੁੱਜਣ। ਰਸਤੇ ਵਿਚ ਨੈਣ ਹੇਰਾ ਫੇਰੀ ਨਾ ਕਰੇ। ਇਸ ਲਈ ਉਹ ਨੈਣ ਦੇ ਹੱਥ ਹੀ ਸੁਨੇਹੇ ਰਾਹੀਂ ਆਪਣੀ ਸਹੇਲੀ ਨੂੰ ਪਰੋਸਿਆਂ ਆਦਿ ਦੀ ਗਿਣਤੀ ਦੱਸ ਦੇਂਦੀ ਹੈ :-

ਚੰਦ ਚਾਨਣੀ ਰਾਤ
ਤਾਰਿਆਂ ਭਰੀ ਹੋਈ ਏ
ਸਾਡੇ ਤੇਰ੍ਹਵੀਂ ਤ੍ਰੀਕ
ਥੋਡੇ ਕੌਥ ਹੋਈ ਏ

ਨੈਣ ਸੁਨੇਹਾ ਅਤੇ ਪਰੋਸੇ ਲੈ ਘਲਣ ਵਾਲੀ ਦੀ ਸਹੇਲੀ ਦੇ ਘਰ ਵਲ ਟੁਰ ਜਾਂਦੀ ਹੈ। ਪਰ ਰਸਤ ਵਿਚ ਹੇਰਾ ਫੇਰਾ ਕਰ ਲੈਂਦੀ ਹੈ। ਨੌਂ ਪਰੋਸੇ ਅਤੇ ਕੁਝ ਚਾਵਲ ਆਪਣੇ ਘਰ ਰੱਖ ਲੈਂਦੀ ਹੈ। ਸਹੇਲੀ ਦੇ ਘਰ ਜਾ ਕੇ ਸੁਨੇਹਾ ਅਤੇ ਪਰੋਸੇ ਦੇਂਦੀ ਹੈ। ਅੱਗੋਂ ਸਹੇਲੀ ਵੀ ਸੂਝਵਾਨ ਹੀ ਟੱਕਰਦੀ ਹੈ। ਸਹੇਲੀ ਦਾ ਸੁਨੇਹਾ ਸੁਣ ਅਤੇ ਸਮਝ ਨੈਣ ਦੀ ਚਲਾਕੀ ਤਾੜ ਲੈਂਦੀ ਹੈ। ਉਹ ਵੀ ਆਪਣੀ ਸਹੇਲੀ ਨੂੰ ਨੈਣ ਦੀ ਕਰਤੂਤ ਬਾਰੇ ਸੁਨੇਹੇ ਦਾ ਉੱਤਰ ਦੇਂਦੀ ਹੈ ਕਿ ਮੇਰੇ ਪੱਲੇ ਤਾਂ ਸਿਰਫ ਚਾਰ ਪਰੋਸੇ ਹੀ ਪਏ ਹਨ :-

ਚੰਨ ਚਾਨਣੀ ਰਾਤ
ਤਾਰਾ ਕੋਈ ਕੋਈ ਏ
ਥੋਡੇ ਤੇਰ੍ਹਵੀਂ ਤਰੀਕ
ਸਾਡੇ ਚੌਥ ਹੋਈ ਏ

**************

ਭਲੀ ਹੋਈ ਤੂੰ ਮਰ ਗਿਆ
ਮੈਨੂੰ ਬੁੱਢ ਸੁਹਾਗਣ ਕਰ ਗਿਆ
ਜੋ ਤੂੰ ਰਹਿੰਦਾ ਜਿਊਂਦਾ ਜਾਗਦਾ
ਕਰਦਾ ਰੰਡੋ ਰੰਡ
ਸ਼ਰੀਕਾਂ ਦੇ ਮਿਹਣੇ

ਸਰਕਾਰ ਦੀ ਡੰਡ

ਇਸ ਬੁਝਾਰਤ ਬਾਰੇ ਵੀ ਇਕ ਅਣੋਖੀ ਵਾਰਤਾ ਇਸ ਪ੍ਰਕਾਰ ਹੈ :-

ਕਿਸੇ ਦੇ ਘਰ ਇਕ ਪ੍ਰਾਹੁਣਾ ਮਿਲਣ ਲਈ ਆਉਂਦਾ ਹੈ। ਪ੍ਰਾਹੁਣੇ ਦੀ ਸੇਵਾ ਵਜੋਂ ਉਹ ਦੁੱਧ ਦਾ ਛੰਨਾ ਲੈਣ ਲਈ ਦੁਧ ਦੀ ਦਧੌੜੀ ਪਾਸ ਜਾਂਦੀ ਹੈ। ਅੱਗੋਂ ਦਧੌੜੀ ਵਿੱਚੋਂ ਦੁੱਧ ਪੀਣ ਆਇਆ ਸੱਪ ਮਰਿਆ ਪਿਆ ਹੁੰਦਾ ਏ। ਸੱਪ ਮਰਿਆ ਪਿਆ ਤੱਕ ਉਹ ਇੱਕ ਗੱਲੋਂ ਪ੍ਰਮਾਤਮਾ ਦਾ ਸ਼ੁਕਰ ਕਰਦਾ ਹੈ ਕਿ ਚੰਗਾ ਹੋਇਆ ਇਹ ਮਰ ਗਿਆ ਜੇ ਇਹ ਮਰਦਾ ਨਾ ਤਾਂ ਇਹਨੇ ਵਿਸ ਘੋਲ ਕੇ ਚਲਿਆ ਜਾਣਾ ਸੀ। ਇਹੀ ਵਿਸ ਵਾਲਾ ਦੁੱਧ ਪ੍ਰਾਹੁਣੇ ਨੇ ਪੀ ਲੈਣਾ ਸੀ ਅਤੇ ਮਰ ਜਾਣਾ ਸੀ। ਲੋਕਾਂ ਨੇ ਕਹਿਣਾ ਸੀ ਪ੍ਰਾਹੁਣੇ ਨੂੰ ਕੁਝ ਦੇ ਕੇ ਮਾਰ ਦਿੱਤੈ। ਸਰਕਾਰ ਨੇ ਮੇਰੇ ਘਰ ਵਾਲੇ ਨੂੰ ਨੂੜ ਲੈਣਾ ਸੀ। ਚੰਗਾ ਹੋਇਆ ਇਹ ਮਰਿਆ ਹੋਇਆ ਮਿਲਿਆ ਏ। ਇਸ ਨਾਲ ਮੈਂ ਮੁੜ ਬੁਢ ਸੁਹਾਗਣ ਹੋ ਗਈ ਆਂ।

ਕੁੱਕੋ ਰੰਗ ਮਜੀਠ ਦੇ
ਕਾਹਜ ਪੂਣੀ ਬੰਨਾ
ਬੁੱਝ ਲੈ ਓਹੋ ਰਹਿਮੂਆ
ਰੱਸ ਜਿਊਂ ਭਰਿਆ ਗੰਨਾ

ਇਸ ਬੁਝਾਰਤ ਦਾ ਉੱਤਰ ਇਸ ਤਰ੍ਹਾਂ ਦਿੱਤਾ ਜਾਂਦੈ :-

ਰਹਿਮੂ ਨਾਮੇਂ ਅੰਨ੍ਹੇ ਨੂੰ ਇਕ ਰਾਜਾ ਫੜ ਲੈਂਦੈ। ਉਹ ਇਸ ਸ਼ਰਤ ਤੇ ਛੱਡਣ ਲਈ ਤਿਆਰ ਹੋਂਦੈ ਕਿ ਜੇ ਰਹਿਮੂ ਦਸ ਦੇਵੇ ਕਿ ਹੁਣ ਕਿਹੜਾ ਮਹੀਨਾ ਹੈ।

ਰਹਿਮੂ ਜਨਮ ਤੋਂ ਅੰਨ੍ਹਾ ਨਹੀਂ ਸੀ। ਜਵਾਨੀ ਦੇ ਦਿਨ ਲੰਘਾ ਖੇਤਾਂ ਵਿੱਚ ਕੰਮ ਕਰ ਉਹਨੇ ਆਪਣੀ ਜੋਤੀ ਗਵਾਈ ਸੀ। ਉਹ ਖੇਤਾਂ ਬਾਰੇ ਅਤੇ ਰੁੱਤਾਂ ਬਾਰੇ ਭਲੀ ਪ੍ਰਕਾਰ ਜਾਣੂੰ ਸੀ। ਰਹਿਮੂ ਦਾ ਇਕ ਸਾਥੀ ਉਸਨੂੰ ਮਹੀਨੇ ਬਾਰੇ ਸਮਝਾਉਂਦਾ ਹੈ :-

ਕੁੱਕੋ ਨਾਮੇਂ ਬੂਟੀ ਦਾ ਰੰਗ ਮਜੀਠ ਵਰਗਾ ਪੀਲਾ ਹੋ ਗਿਆ ਏ ਅਤੇ ਘਾਹ ਦਾ ਰੰਗ ਵੀ ਸੁੱਕ ਕੇ ਪੂਣੀਆਂ ਵਰਗਾ ਹੋ ਗਿਆ ਏ। ਗੰਨੇ ਦੀਆਂ ਪੋਰੀਆਂ ਵਿਚ ਵੀ ਰਸ ਭਰ ਆਇਆ ਏ। ਰਹਿਮੂ ਇਹ ਸੁਣ ਸਮਝ ਜਾਂਦਾ ਏ

ਕਿ ਕਿਹੜੇ ਮਹੀਨੇ ਇਹ ਸਭ ਕੁਝ ਹੁੰਦੈ। ਉਹ ਝੱਟ ਉੱਤਰ ਦੇ ਦਿੰਦਾ ਏ "ਕੱਤਕ ਦਾ ਮਹੀਨਾ" ਇਸ ਪ੍ਰਕਾਰ ਰਹਿਮੂ ਦੀ ਰਹਾਈ ਹੋ ਜਾਂਦੀ ਏ।

ਮੈਂ ਲੈਣ ਆਈ ਸਾਂ ਤੈਨੂੰ
ਤੂੰ ਫੜ ਬੈਠਾ ਮੈਨੂੰ
ਛੱਡ ਦੇ ਤੂੰ ਮੈਨੂੰ
ਮੈਂ ਲੈ ਜਾਵਾਂ ਤੈਨੂੰ

ਅੱਗ ਜਲਾਣ ਲਈ ਕੋਈ ਬਾਹਰੋਂ ਕੰਡੇ ਲੈਣ ਲਈ ਜਾਂਦੀ ਹੈ। ਵਿਚਾਰੀ ਦੇ ਕੰਡੇ ਚੁਗਦਿਆਂ ਚੁਗਦਿਆਂ ਕੰਡਾ ਪੈਰ ਵਿਚ ਚੁੱਭ ਜਾਂਦਾ ਹੈ ਅਤੇ ਵਿੱਚੇ ਹੀ ਟੁੱਟ ਜਾਂਦਾ ਏ। ਕੰਡੇ ਨਾਲ ਬਹੁਤ ਤਕਲੀਫ ਹੁੰਦੀ ਏ। ਵਿਚਾਰੀ ਪੈਰ ਫੜਕੇ ਬੈਠ ਜਾਂਦੀ ਏ ਅਤੇ ਕਹਿੰਦੀ ਏ :-

"ਮੈਂ ਤਾਂ ਤੈਨੂੰ ਲੈਣ ਆਈ ਸਾਂ। ਤੂੰ ਉਲਟਾ ਮੈਨੂੰ ਹੀ ਫੜ ਬੈਠਾ ਏਂ। ਤੂੰ ਮੈਨੂੰ ਛਡ ਦੇ ਤਾਂ ਜੋ ਮੈਂ ਤੈਨੂੰ ਛੇਤੀ ਘਰ ਲੈ ਜਾਵਾਂ।"

ਬਾਤ ਪਾਵਾਂ
ਪਾਈ ਨਾ ਜਾਏ
ਨੌਂ ਮਣ ਕਣਕ
ਕੁੱਤਾ ਲਈਂ ਜਾਏ

ਇਹ ਬੁਝਾਰਤ ਉਸ ਸਮੇਂ ਦੀ ਹੈ ਜਦੋਂ ਪੰਜਾਬ ਵਿਚ ਕਣਕ ਇਕ ਰੁਪਏ ਦੀ ਇਕ ਮਣ ਆ ਜਾਇਆ ਕਰਦੀ ਸੀ। ਇਸ ਬੁਝਾਰਤ ਦਾ ਉੱਤਰ ਇਸ ਤਰ੍ਹਾਂ ਹੈ :-

ਆਪਣੇ ਪੇਕਿਆਂ ਨੂੰ ਜਾਣ ਲਈ ਵਹੁਟੀ ਰੋਟੀਆਂ ਪਕਾਉਂਦੀ ਹੈ। ਘਰਦਿਆਂ ਤੋਂ ਚੋਰੀ ਆਟੇ ਵਿਚ ਚਾਂਦੀ ਦੇ ਨੌਂ ਰੁਪਈਏ ਪਾ ਰੋਟੀ ਪਕਾ ਲੈਂਦੀ ਹੈ। ਪਰ ਉਹ ਪਕਾਈ ਹੋਈ ਰੋਟੀ ਕੁੱਤਾ ਚੁੱਕਕੇ ਲੈ ਜਾਂਦਾ ਹੈ। ਵਿਚਾਰੀ ਫਸ ਜਾਂਦੀ ਏ। ਸਿੱਧਾ ਦਸ ਨਹੀਂ ਸਕਦੀ ਰੋਟੀ ਵਿਚ ਨੌਂ ਰੁਪਈਏ ਸਨ ਇਸ ਲਈ ਡੰਡ ਪਾਉਂਦੀ ਏ :-

ਕੁੱਤਾ ਨੌਂ ਮਣ ਕਣਕ ਲੈ ਗਿਆ ਏ।

ਹਰਾ ਦੁਪੱਟਾ

ਲਾਲ ਕਨਾਰੀ

ਟੁੱਟ ਜਾਣੇ ਨੇ

ਇਟ ਮੇਰੇ ਮਾਰੀ

ਮਿੱਡੀਆਂ ਨਾਸਾਂ

ਥੋਬੜ ਮੂੰਹ

ਮੈਂ ਕੀ ਜਾਣਾ

ਬੈਠੀਂ ਤੂੰ।

ਉਪਰੋਕਤ ਬੁਝਾਰਤ ਅਨੁਸਾਰ ਹੀ ਤੋਤਾ ਕੋਈ ਫਲ ਸੁਟਦਾ ਹੈ। ਥੱਲੇ ਥੋਬੜ ਜਹੇ ਮੂੰਹ ਅਤੇ ਮਿੱਡੀਆਂ ਨਾਸਾਂ ਵਾਲੀ ਡੱਡ ਬੈਠੀ ਹੁੰਦੀ ਹੈ। ਫਲ ਲੱਗਣ ਤੇ ਉਹ ਤੋਤੇ ਨੂੰ ਟੁਟ ਜਾਣਾ ਆਖਦੀ ਹੈ ਉਹ ਅੱਗੋਂ ਮਿੱਡੀਆਂ ਨਾਸਾਂ ਵਾਲੀ ਆਖ ਦੇਂਦਾ ਹੈ।

ਦੇਖੀਂ ਵੇ ਛਿਛੜ ਕੰਨਿਆ

ਤੈਂ ਮੈਂ ਦੈੜੀ ਵੇ

ਕਿਉਂ ਨੀ ਬੁਰਮੂੰਹੀਏਂ

ਤੂੰ ਮੈਂ ਦੇਖੀ ਸੀ

ਬਾੜ ਬੜੇਂਦਿਆ ਸੂਹੜਸਿਆਂ

ਮੈਂ ਬੁਰਮੂੰਹੀ ਆਂ

ਜਲ ਭਰੀਏ ਦਮੋਦਰੀਏ

ਤੈਨੂੰ ਕੌਣ ਕਹੇ ਬੁਰਮੂੰਹੀ ਏਂ

ਹਾਥੀ ਜਦੋਂ ਟੁਰਦਾ ਹੈ ਤਾਂ ਨਿੱਕੀਆਂ ਨਿੱਕੀਆਂ ਚੀਜ਼ਾਂ ਵੱਲ ਓਹਦਾ ਧਿਆਨ ਨਹੀਂ ਜਾਂਦਾ ਟੁਰੇ ਜਾਂਦੇ ਦਾ। ਹਾਥੀ ਦੇ ਪੈਰ ਥੱਲੇ ਡੱਡ ਆਂਦੀ ਆਂਦੀ ਬਚ ਜਾਂਦੀ ਹੈ। ਹਾਥੀ ਕੋਲੋਂ ਬਚਕੇ ਉਹ ਹਾਥੀ ਨੂੰ ਛਿਛੜਕੰਨਾ ਆਖਦੀ ਹੈ ਅਤੇ ਕਹਿੰਦੀ ਹੈ "ਤੈਂ ਤਾਂ ਮੈਨੂੰ ਪੈਰ ਥੱਲੇ ਦਰੜ ਹੀ ਦਿਤਾ ਸੀ" ਹਾਥੀ ਜਦੋਂ ਡੱਡ ਪਾਸੋਂ ਆਪਣੇ ਆਪ ਬਾਰੇ ਛਿਛੜ ਕੰਨਾ ਸੁਣਦਾ ਹੈ ਤਾਂ ਉਹ ਡੱਡ ਨੂੰ ਬੁਰੇ ਮੂੰਹ ਵਾਲੀ ਆਖ ਦਿੰਦਾ ਹੈ। ਹਾਥੀ ਤੇ ਡੱਡ ਅਜੇ ਆਪਸ ਵਿਚ

ਵਾਰਤਾਲਾਪ ਕਰ ਹੀ ਰਹੇ ਹੁੰਦੇ ਨੇ ਕਿ ਬਾੜ ਵਿਚ ਬੜਦਾ ਨਿਓਲਾ ਡੱਡ ਦੀ ਨਿਗਾਹ ਚੜ੍ਹ ਜਾਂਦਾ ਹੈ। ਉਹ ਉਸ ਨੂੰ ਸੂਹੜ ਸਿੰਘ ਆਖਕੇ ਸਦਦੀ ਏ ਅਤੇ ਪੁਛਦੀ ਹੈ, "ਕੀ ਮੈਂ ਸੱਚੀਂ ਮੁੱਚੀਂ ਹੀ ਬੁਰੇ ਮੂੰਹ ਵਾਲੀ ਹਾਂ।"

ਨਿਓਲਾ ਉੱਤਰ ਦੇਂਦਾ ਏ, "ਕੌਣ ਕਹਿੰਦੈ ਤੂੰ ਬੁਰੇ ਮੂੰਹ ਵਾਲੀ ਏਂ। ਤੂੰ ਤਾਂ ਜਲ ਭਰੀ ਦਮੋਦਰੀ ਏਂ।"

ਊਂਠ ਪਰ ਚੜ੍ਹੈਂਦੀ ਏ<br>
ਨਕੇਲੇ ਦਾ ਕੀ ਨਾ<br>
ਨਕੇਲੇ ਦਾ ਮੈਂ ਨਾਂ ਨੀ ਜਾਣਦੀ<br>
ਮੇਰਾ ਨਾਂ ਜੀਆਂ<br>
ਇਹਦੀ ਸੱਸ<br>
ਮੇਰੀ ਸੱਸ<br>
ਦੋਵੇਂ ਮਾਵਾਂ ਧੀਆਂ

ਸਹੁਰਾ ਆਪਣੀ ਨੂੰਹ ਨੂੰ-ਨੂੰਹ ਦੇ ਪੇਕੇ ਛੱਡਣ ਲਈ ਊਂਠ ਤੇ ਚੜ੍ਹਾਈ ਜਾ ਰਿਹਾ ਏ। ਰਸਤੇ ਵਿਚ ਇਕ ਬੁੱਢੀ ਊਂਠ ਉਤੇ ਬੈਠੀ ਜ਼ਨਾਨੀ ਨੂੰ ਪੁੱਛਦੀ ਏ ਕਿ ਮੁਹਾਰ ਫੜੀਂ ਕੌਣ ਜਾਂਦਾ ਏ। ਪੁਰਾਤਨ ਸੰਸਕ੍ਰਿਤੀ ਅਨੁਸਾਰ ਜ਼ਨਾਨੀਆਂ ਆਪਣੇ ਤੋਂ ਵੱਡੇ ਪਤੀ ਜਾਂ ਸਹੁਰੇ ਆਦਿ ਦਾ ਨਾਂ ਨਹੀਂ ਦਸਦੀਆਂ। ਉਹ ਆਪਣਾ ਨਾਂ ਜੀਆਂ ਦਸ ਦੇਂਦੀ ਹੈ ਆਪਣੇ ਸਹੁਰੇ ਦੀ ਮੌਜੂਦਗੀ ਵਿਚ ਉਹ ਇਹ ਵੀ ਦਸਣਾ ਨਹੀਂ ਚਾਹੁੰਦੀ ਕਿ ਬੋਤੇ ਦੀ ਮਹਾਰੇ ਫੜ੍ਹੀਂ ਮੇਰਾ ਸਹੁਰਾ ਹੀ ਜਾ ਰਿਹਾ ਏ। ਬੁਢੀ ਨੂੰ ਉਹ ਦਸਣਾ ਵੀ ਜ਼ਰੂਰ ਚਾਹੁੰਦੀ ਏ ਕਿ ਇਹ ਮੇਰਾ ਕੀ ਲਗਦਾ ਏ। ਬੁਢੀ ਨੂੰ ਸਮਝਾਉਣ ਲਈ ਆਖ ਦਿੰਦੀ ਹੈ "ਮੇਰੀ ਸੱਸ ਤੇ ਇਹਦੀ ਸੱਸ ਦੋਨੋਂ ਮਾਵਾਂ ਧੀਆਂ ਹਨ।"

ਬੁਢੀ ਸਮਝ ਜਾਂਦੀ ਹੈ ਕਿ ਨੂੰਹ-ਸਹੁਰੇ ਦਾ ਰਿਸ਼ਤਾ ਹੀ ਇਸ ਪ੍ਰਕਾਰ ਹੋ ਸਦਕਾ ਏ।

♦♦♦

## ਕੁਝ ਹੋਰ ਬੁਝਾਰਤਾਂ

(1)

ਇਲ੍ਹ ਬੋਲੇ ਆਹਲਣੇ
ਬੰਬੀਹਾ ਬੋਲੇ ਜੜੀਂ
ਊਂਠ ਚਿੜੀ ਨੂੰ ਚੁੰਘਣ ਲੱਗਾ
ਡੋਕੇ ਰਹਿ ਗਏ ਜੜੀਂ

(ਹੁੱਕਾ)

(2)

ਐਨੀ ਹੱਕ ਹੱਗੀ
ਭੋਏਂ ਵਿਚ ਗੱਡੀ
ਮੀਆਂ ਜੀ ਬੁਲਾਈ
ਠੁਮ ਠੁਮ ਕਰਦੀ ਆਈ

(ਹੁੱਕਾ)

(3)

ਕਾਬਲ ਕੁੱਜਾ ਚਾੜ੍ਹਿਆ
ਅੱਗ ਬਾਲੀ ਮੁਲਤਾਨ
ਦਿੱਲੀ ਕੂਕਾਂ ਮਾਰਦੀ
ਜਲ ਗਿਆ ਪਾਕਿਸਤਾਨ

(ਹੁੱਕਾ)

(4)

ਪਿੱਪਲ ਦੂਸਰੀਆ

ਭੀਤਰ ਭਾਣੀ ਭਰਿਆ

ਸਿਰ ਤੇ ਲੱਗੀ ਅੱਗ

ਬੰਦਾ ਬੈਠਾ ਕਨਾਰੇ ਲੱਗ

(ਹੁੱਕਾ)

(5)

ਹੇਠਾਂ ਗੰਗਾ

ਉੱਤੇ ਬਸੰਤਰ ਜਲ਼ੇ ਸ਼ਬਦ ਬੋਲੇ ਨੜਾ

ਮੇਰੀ ਬੁਝਾਰਤ ਬੁਝਲੈ

ਨਹੀਂ ਚਰਖਾ ਕਰਦੇ ਖੜਾ

(ਹੁੱਕਾ)

(6)

ਗਡਿਆਣਾ ਟੋਭਾ ਗੈੜ ਗੱਪ

ਪਾਣੀ ਵਿਚ ਭੜਾਕੇ ਮਾਰੇ

ਪੂਛ ਮੇਰੇ ਹੱਥ

(ਹੁੱਕਾ)

(7)

ਚੜ੍ਹ ਚੌਂਕੇ ਪਰ ਬੈਠੀ ਰਾਣੀ

ਸਿਰ ਪਰ ਅਗਨੀ

ਪਿੱਠ ਪਰ ਪਾਣੀ

(ਹੁੱਕਾ)

(8)

ਤੇਲੀ ਦਾ ਤੇਲ

ਘੁਮਾਰ ਦਾ ਭਾਂਡਾ

ਸਭ ਦਾ ਸਾਂਝਾ

(ਹੁੱਕਾ)

(9)

ਅੱਗ ਲੱਗੀ ਜਗਰਾਵੀਂ

ਧੂੰਆਂ ਨਿਕਲਿਆ ਬੋਪਾਰਾਮੀਂ

(ਹੁੱਕਾ)

(10)

ਹੱਟੀਏਂ ਮੱਝ ਖੜੀ

ਉਹਨੂੰ ਸਾਰੇ ਚੁੰਘ ਚੁੰਘ ਜਾਂਦੇ

(ਹੁੱਕਾ)

(11)

ਖਾਲ 'ਚ ਟਾਂਡਾ

ਸਭਨਾਂ ਦਾ ਸਾਂਝਾ

(ਹੁੱਕਾ)

(12)

ਰੱਬ ਦੇ ਸਬੱਬ

ਪਾਣੀ ਹੇਠਾਂ ਉੱਤੇ ਅੱਗ

(ਹੁੱਕਾ)

(13)

ਐਨੀ 'ਕ ਛੋਕਰੀ

ਉਹਦੇ ਸਿਰ ਸੁਆਹ ਦੀ ਟੋਕਰੀ

(ਚਿਲਮ)

(14)

ਰੜੇ ਮੈਦਾਨ ਵਿਚ ਪਿਆ ਡੱਬਾ

ਚੱਕ ਨੀ ਹੁੰਦਾ ਚਕਾਈਂ ਰੱਬਾ

(ਖੂਹ)

(15)

ਬਣ ਹਿੱਲੇ ਬਰੋਟਾ ਹਿੱਲੇ

ਜੋਧਾ ਪਿੱਪਲ ਕਦੇ ਨਾ ਹਿੱਲੇ

(ਖੂਹ)

(16)

ਸੁੱਟ ਕੇ ਚੁੱਕਿਆ ਹੀ ਨਾ

(ਖੂਹ ਦਾ ਚੱਕ)

(17)

ਐਨਾ 'ਕ ਸਿਪਾਹੀ

ਸਾਰੀ ਫ਼ੌਜ ਘੇਰੀਂ ਖੜਾ

(ਹਲਟ ਦਾ ਕੁੱਤਾ)

(18)

ਪਾਲੋ ਪਾਲ ਬੱਛੇ ਬੰਨ੍ਹੇ

ਇਕ ਬੱਛਾ ਬਲਾਹਾ

ਜਿਹੜਾ ਮੇਰੀ ਬਾਤ ਨੀ ਬੁੱਝੂ

ਓਹਦਾ ਪਿਓ ਜੁਲਾਹਾ

(ਖੂਹ ਦੀਆਂ ਟਿੰਡਾਂ)

(19)

ਕੁਆਰੀ ਸਾਂ ਮੈਂ ਮਾਰੀ ਸਾਂ
ਮਾਰ ਮਾਰ ਕੇ ਸੁਆਰੀ ਸਾਂ
ਤਾਂ ਮੈਂ ਜਾਣਾਂ ਤੈਨੂੰ
ਜੇ ਵਿਆਹ ਕੇ ਮਾਰੇਂ ਮੈਨੂੰ

(ਮਿੱਟੀ ਦੀ ਟਿੰਡ)

(20)

ਜਦ ਸਾਂ ਮੈਂ ਭੋਲੀ ਭਾਲੀ
ਤਦ ਸਹਿੰਦੀ ਸਾਂ ਮਾਰ
ਜਦੋਂ ਮੈਂ ਪਾਲੇ ਲਾਲ ਕਪੜੇ
ਹੁਣ ਨਾ ਸਹਿੰਦੀ ਗਾਲ

(ਮਿੱਟੀ ਦਾ ਬਰਤਣ)

(21)

ਕਥ ਪਾਵਾਂ ਕਥੌਲੀ ਪਾਵਾਂ
ਕਥ ਨੂੰ ਲਾਵਾਂ ਆਟਾ
ਪੁਤ ਪੋਤਾ ਵਿਆਇਆ ਗਿਆ
ਕੁਮਾਰਾ ਰਹਿ ਗਿਆ ਦਾਦਾ

(ਘੁਮਾਰਾਂ ਦਾ ਚੱਕ)

(22)

ਜਲ ਚੋਂ ਨਿਕਲੀ ਜਲਜਲੀ
ਜਲ ਵੇਖ ਮਰ ਜਾਏ
ਲਿਆਓ ਬਸੰਤਰ ਫੂਕੀਏ
ਇਹਦੀ ਉਮਰ ਬੜੀ ਹੋ ਜਾਏ

(ਇਟ)

(23)

ਸੂਈ ਜਿੱਡਾ ਦਰੱਖਤ

ਢਾਲ ਜਿੱਡਾ ਫੁੱਲ

ਕੱਚਾ ਕੱਚਾ ਤੋੜ ਲੈ

ਪੱਕੇ ਦਾ ਪਾ ਲੋ ਮੁੱਲ

(ਮਖਿਆਲ)

(24)

ਕਾਲੀ ਕੁੱਤੀ ਬਾੜ 'ਚ ਸੁੱਤੀ

ਸੌਂਹ ਮੈਨੂੰ ਬਾਪੂ ਦੀ

ਬੜੀਓ ਮਿੱਠੀ

(ਮਖਿਆਲ)

(25)

ਕਾਲਾ ਕੁੱਤਾ

ਬਾੜ 'ਚ ਸੁੱਤਾ

(ਮਖਿਆਲ)

(26)

ਕਈ ਲੱਖੀਂ ਹਜ਼ਾਰੀਂ ਭੈਣਾਂ

ਓਹਨਾਂ ਹੀ ਪਿਓ ਜਾਇਆ

ਰਲ ਮਿੱਲ ਕੇ ਪਿੱਟਣ ਲੱਗੀਆਂ

ਹਾਏ! ਹਾਏ! ਪਿਓ ਪਰਾਇਆ

(ਮਖਿਆਲ ਦੀਆਂ ਮੱਖੀਆਂ)

(27)

ਇਕ ਤੀਵੀਂ ਸੌ ਗੁੱਤ

(ਸੂਲਾਂ)

(28)

ਸੌਣ ਭਾਦੋਂ ਇੱਕ ਰੁੱਤ

ਦੋ ਤੀਵੀਆਂ ਦੀ ਇੱਕ ਗੁੱਤ

(ਸੂਲਾਂ)

(30)

ਬਾਤ ਪਾਵਾਂ ਬਤੋਲੀ ਪਾਵਾਂ

ਬਾਤ ਨੂੰ ਲਾਵਾਂ ਔਲੂ

ਇੱਕ ਜਟ ਮੈਂ ਖਾਂਦਾ ਦੇਖਿਆ

ਸੱਕਰ ਨਾਲ ਸਪੋਲੂ

(ਸੇਵੀਆਂ)

(31)

ਬਾਤ ਪਾਵਾਂ

ਪਾ ਵੀ ਲਈ

(ਬੁਰਕੀ)

(32)

ਹਰੀ ਭਰੀ ਡੱਬੀ

ਵਿਚ ਭੂਰੀਆਂ ਮੁੱਛਾਂ

ਹਰੀਆ ਬਾਹਮਣ ਲੈ ਗਿਆ

ਮੈਂ ਕੀਹਨੂੰ ਕੀਹਨੂੰ ਪੁੱਛਾਂ

(ਅੰਬ ਤੇ ਤੋਤਾ)

(33)

ਚੰਮ ਨੂੰ ਦੰਮ ਦੱਬੇ

ਅੱਡੀਆਂ ਚੁੱਕੀਆਂ ਪੱਬ ਦੱਬੇ

ਜਿਉਂ ਜਿਉਂ ਦੱਬੇ

ਵਿਚੋਂ ਚਿੱਟਾ ਚਿੱਟਾ ਵੱਗੇ

(ਥਣਾਂ 'ਚੋਂ ਦੁੱਧ)

(34)

ਚਾਰ ਘੜੇ ਅੰਮ੍ਰਿਤ ਭਰੇ

ਮੂਧੇ ਪਏ ਡੁਲ੍ਹਦੇ ਨਾਹੀਂ

(ਥਣ ਦੁਧ ਦੇ)

(35)

ਚਾਰ ਘੜੇ

ਦੁੱਧ ਭਰੇ

ਪੁੱਠੇ ਕਰੋ

ਸਿੱਧੇ ਕਰੋ

ਡੁਲਦੇ ਹੀ ਨਹੀਂ

(ਥਣ)

(36)

ਪੱਥਰ ਪਰ ਪਥਰ

ਪੱਥਰ ਤੇ ਖੰਜੂਰ

ਪੰਜੋ ਭਾਈਓ ਮੁੜ ਜੋ

ਮੈਂ ਜਾਣਾ ਬੜੀ ਦੂਰ

(ਬੁਰਕੀ)

(37)

ਪੰਜਾਂ ਭਾਈਆਂ ਨੇ ਪੰਡ ਚੁਕਾਈ

ਸੁੱਟੀ ਬੂਹੇ ਦੇ ਬਾਰ

ਚਾਮ ਚੜਿਕ ਨੇ ਧੱਕਾ ਲਾਇਆ

ਗਈ ਸਮੁੰਦਰੋਂ ਪਾਰ

(ਬੁਰਕੀ ਜਾਂ ਗਰਾਹੀ)

(38)

ਪੰਜਾਂ ਜਣਿਆਂ ਭਰੀ ਚਕਾਈ

ਸੁੱਟੀ ਦਰਵਾਜੇ ਵਿਚ

ਚਾਮ ਚੜਿਕ ਨੇ ਧੱਕਾ ਲਾਇਆ

ਗਈ ਸਮੁੰਦਰ ਵਿਚ

(ਬੁਰਕੀ)

(39)

ਨਾ ਹਿੱਲੇ ਨਾ ਜੁੱਲੇ

ਦਿਨ ਰਾਤ ਚਲੇ

(ਸੜਕ)

(40)

ਰੜੇ ਮੈਦਾਨ ਵਿਚ ਝੋਟਾ

ਨੂੜਿਆ ਖੜੈ

(ਤੂੜੀ ਦਾ ਕੁੱਪ)

(41)

ਆਜਾ ਭੂਆ ਬਹਿ ਜਾ

ਨਾ ਭਤੀਜੀ ਜਾਨੀ ਆਂ

(ਸੂਆ ਤੇ ਕੱਸੀ)

(42)

ਨਿੱਕੀਆਂ ਨਿੱਕੀਆਂ ਕਿਆਰੀਆਂ
ਨਿੱਕੇ ਓਹਦੇ ਬੀ
ਜਿਥੇ ਮੇਰਾ ਰਾਮ ਜੀ
ਓਥੇ ਮੇਰਾ ਜੀ

(ਪੋਥੀ)

(43)

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਚੌਂਹ ਕੂੰਟਾਂ ਦੇ ਮੁੰਡੇ

(ਖਿੱਦੋ ਖੂੰਡੀ)

(44)

ਬਾਹਰੋਂ ਲਿਆਦੀ ਵਢ ਕੇ
ਘਰ ਕੀਤੀ ਮੁਟਿਆਰ
ਬਾਰਾਂ ਮੀਢੀਆਂ ਗੁੰਦ ਕੇ
ਲੈ ਬੜਿਆ ਬਾਜ਼ਾਰ

(ਮਧਾਣੀ)

(45)

ਪਾਰੋਂ ਲਿਆਂਦੀ ਵਢ ਕੇ
ਆਰੋਂ ਲਿਆਂਦੀ ਛਿਲ ਕੇ
ਘਰ ਕੀਤੀ ਮੁਟਿਆਰ
ਅੱਸੀ ਮੀਢੀਆਂ ਗੁੰਦ ਕੇ
ਲੈ ਬੜਿਆ ਬਾਜ਼ਾਰ

(ਸਢ)

(46)

ਬਾਹਰੋ ਲਿਆਂਦੀ ਵੱਢ ਕੇ

ਸਿੱਟੀ ਤਖਾਣਾਂ ਬਾਰ

ਪੈਂਚਾਂ ਮੂਹਰੇ ਕੂਕਦੀ

ਸਣੇ ਪਿਆਦੇ ਨਾਰ

(ਸਾਰੰਗੀ)

(47)

ਬਾਹਰੋਂ ਲਿਆਂਦੀ ਵੱਢ ਕੇ

ਘਰ ਕੀਤੀ ਮੁਟਿਆਰ

ਪੈਂਚਾ ਮੂਹਰੇ ਚੀਕਦੀ

ਪੰਚ ਕਰਨ ਵਿਚਾਰ

(ਸਾਰੰਗੀ)

(48)

ਗੋਲ ਮੋਲ ਚੱਕਰੀ

ਪੋਰੀ ਪੋਰੀ ਰੱਸ

ਬੁਝਣੀਏਂ ਬੁੱਝ

ਨਹੀਂ ਰੁਪਏ ਧਰ ਦਸ

(ਜਲੇਬੀ)

(49)

ਚਿੱਟੀ ਭੌਂ

ਤਿਲਾਂ ਦੇ ਬੰਨੇ

ਬੁਝਣੀਏਂ ਬੁੱਝ

ਨਹੀਂ ਪੁਚਾ ਦੂੰ ਖੰਨੇ

(ਚਿੱਠੀ)

(50)

ਠੱਕ ਠੱਕ ਟੈਂਚੂ

ਧਰਤ ਪਟੈਂਚੂ

ਤਿਨ ਸਿਰੀਆਂ

ਦਸ ਪੈਰ ਟਕੈਂਚੂ

(ਹਲ ਮਗਰ ਜੱਟ)

(51)

ਠੀਕਰੀ ਪਰ ਠੀਕਰੀ

ਠੀਕਰੀ ਪਰ ਦਾਣਾ

ਸੱਤ ਘਰ ਛੱਡ ਕੇ

ਬਜ਼ੀਰ ਘਰ ਜਾਣਾ

ਬਜ਼ੀਰ ਘਰ ਹੈਨੀ

ਅਮੀਰ ਬਣ ਜਾਣਾ

(ਅਮਲੀ ਤੇ ਫ਼ੀਮ)

(52)

ਇਕ ਮਰਦ ਸਿਰ ਪਗੜੀ ਸੋਹੇ

ਪਗੜੀ ਬਹੁਤ ਚੰਗੇਰੀ

ਨਾ ਓਹ ਕੱਤੀ ਨਾ ਓਹ ਤੁੰਬੀ

ਨਾ ਓਹ ਹਈ ਅਟੇਰੀ

ਜਿਹੜਾ ਮੇਰੀ ਬਾਤ ਨੂੰ ਬੁੱਝੂ

ਉਹਨੂੰ ਅਕਲ ਬਥੇਰੀ

(ਮੁਰਗੇ ਦੀ ਕਲਗੀ)

(53)

ਅਨਖ ਪਰ ਅਨਖ

ਅਨਖ ਪਰ ਪਾਣੀ

ਜਿਹੜਾ ਮੇਰੀ ਬਾਤ ਨੀ ਬੁੱਝੂ

ਮੈਂ ਭਰਥਾ ਉਹ ਰਾਣੀ

(ਅੱਖ ਤੇ ਤ੍ਰੇਲ ਤੁਬਕੇ)

(54)

ਮਾਸੜ ਚੁੱਕੇ ਮਾਸੀ ਨੂੰ

ਮਾਸੀ ਚੁੱਕੇ ਲਟਾ ਪਟਾ

(ਸ਼ਤੀਰ ਉਤੇ ਸ਼ਤੀਰੀਆਂ ਕੜੀਆਂ)

(55)

ਹੱਥ 'ਕ ਬਾਬਾ

ਨੌਂ ਹੱਥ ਦੀ ਦਾਹੜੀ

(ਪਰਨਾਲਾ)

(56)

ਇਕ ਘਰ

ਦੱਸ ਦਰ

(ਜੰਗਲਾ)

(57)

ਪੈਰ ਕੱਟੋ ਤਾਂ ਛੁੱਟੀ ਹੋਵੇ

ਲੱਕ ਕੱਟੋ ਹੋ ਨੀਰ

ਸੀਸ ਕੱਟੋ ਟੱਬਰ ਰੋਵੇ

ਬੁੱਝੋ ਮੇਰੇ ਵੀਰ

(ਜਾਲ)

(58)

ਤਿਉਂ ਡਲਿਆਂ ਤੇ ਹਰਨੀ ਬੈਠੀ

ਬਟੇਰਾ ਬੈਠਾ ਖੇਤ ਮੇਂ

ਜਦ ਹਰਨੀ ਟੱਪਣ ਲੱਗੀ

ਬਟੇਰਾ ਬੜ ਗਿਆ ਪੇਟ ਮੇਂ

(ਸਾਗ ਦੀ ਤੌੜੀ ਅਤੇ ਕੜਛੀ)

(59)

ਅੱਕ ਵਿਚ ਢੱਕ ਜੰਮਿਆ

ਪੱਤ ਪੱਤ ਖਟਿਆਈ

ਨੂੰਹ ਆਈ ਤੇ ਸੌਹਰਾ ਜੰਮਿਆ

ਪੋਤੇ ਦੇਣ ਵਧਾਈ

(ਦਹੀਂ-ਮੱਖਣ)

(60)

ਲਾਲ ਜ਼ਮੀਨ

ਹਲ ਲੋਹੇ ਦਾ

ਬੀ ਪੈਂਦਾ ਮਾਸੇ ਤੋਲੇ ਦਾ

(ਫੁਲਕਾਰੀ)

(61)

ਐਨਾ 'ਕ ਬਹਿੜਕਾ

ਸਿੰਗਾਂ ਤੋਂ ਨਹਿੜਕਾ

ਹਲ ਵਾਹੇ ਟਿੱਬੇ ਢਾਹੇ

ਚਾਲੀ ਨੱਥਾਂ

ਫੇਰ ਵੀ ਬੜ੍ਹਕਾਂ ਮਾਰੇ

(ਢੋਲ)

(62)

ਬਰੀਕ ਜਹੀ ਇਕ ਲੱਤ ਏ ਮੇਰੀ
ਫਿਰ ਵੀ ਜਾਵਾਂ ਚੜ੍ਹ ਉਚੇਰੀ
ਲੈ ਜਾਏ ਮੈਨੂੰ ਚੁੱਕ ਹਨੇਰੀ
ਡਿੱਗ ਪਵਾਂ ਫਿਰ ਤੇਰੀ ਮੇਰੀ

(ਪਤੰਗ)

(63)

ਹੂੰ ਹਾਂ ਨੀ ਹੂੰ ਹਾਂ
ਛੇ ਟੰਗਾਂ ਦੋ ਬਾਹਾਂ
ਢੂਹੀ ਉੱਤੇ ਨਾਚੀ ਨੱਚੇ
ਇਹ ਤਮਾਸ਼ਾ ਕਾਹਾਂ

(ਘੋੜੀ ਤੇ ਸਵਾਰ)

(64)

ਦਰਿਆ ਉੱਤੇ ਇੱਲ੍ਹ ਬਹੇਲੀ
ਪਾਟੇ ਪੇਟ ਚਲੇਂਦੀ
ਖੋਹਲੇ ਚੁੰਝ, ਕੇਰੇ ਮੋਤੀ
ਕੀਮਤ ਪਈ ਜਿਨੇਂ ਦੀ

(ਕਲਮ)

(65)

ਲੱਕ ਵਢ ਮੂੰਹ ਕਾਲਾ ਕਰਦੀ
ਆਉਂਦੀ ਸਭ ਦੇ ਕੰਮ
ਵਰਤਣ ਮੈਨੂੰ ਸਾਰੇ ਲੋਕੀ
ਕੀ ਬੱਚਾ ਕੀ ਰੰਨ

(ਕਲਮ)

(66)

ਭੈਣੋਂ ਭੈਣ ਪਤੀਹਸ ਲੱਗੇ
ਨੂੰਹ ਬਾਬੇ ਦੀ ਸਾਲੀ
ਮੁੰਡੇ ਕੁੜੀਆਂ ਮਾਸੀ ਕਹਿੰਦੇ
ਇਹ ਬੁਝਣੀ ਗੱਲ ਸੁਖਾਲੀ

(ਚਾਚੇ ਭਤੀਜੇ ਸਾਢੂ)

(67)

ਤਿੰਨ ਲਫਜ਼ਾਂ ਦਾ ਦੇਸ਼ ਹਾਂ
ਜਾਨਣ ਲੋਕੀ ਲਖ ਕਰੋੜ
ਪਿੱਠ ਕੱਟੋ ਬਣ ਜਾਂਵਸਾਂ
ਪੰਜ ਉਂਗਲਾਂ ਦਾ ਜੋੜ

(ਪੰਜਾਬ)

♦♦♦

# ਸੰਕੇਤਕਾ


(ੳ)

ਉੱਚੇ ਟਿੱਬੇ ਸਿਰ ਮੁਨਾਇਆ 39
ਉੱਚੀ ਟਾਹਲੀ ਤੋਤਾ ਬੈਠਾ 45
ਉਹ ਕਬੂਤਰ ਕੈਸਾ 48
ਊਂਠ ਦੀ ਬੈਠਣੀ 62
ਉਚੇ ਟਿੱਬੇ ਮੇਰਾ ਮਾਸੜ ਵਸਦਾ 66
ਉਹ ਗਈ ਉਹ ਗਈ 71
ਉਂਗਲ 'ਕ ਕੁੜੀ 90
ਉਹਲਣੀ ਮੋਹਲਣੀ 93
ਊਂਠ ਪਰ ਚੜ੍ਹੇਂਦੀਏ 113

(ਅ)

ਆੜ ਭਮਾੜ ਮੇਰੀ ਮਾਸੀ ਵਸਦੀ 38
ਐਨੀ ' ਕੁੜੀ ਉਹਦੇ 40
ਐਨੀ 'ਕ ਪਿੱਦੀ 43
ਤ ਪੂਜਾਂ ਪਾਤਰ ਪੂਜਾਂ 43
ਸੀ ਜਦ ਬੋਲਦੇ ਸੀ 44
ਅੰਬ ਅੰਬਾਲੇ ਦੇ 46
ਅਸਮਾਨੋਂ ਡਿੱਗਿਆ ਬੱਕਰਾ 49
ਅਮਰ ਵੇਲ ਅਮਰ ਵੇਲ 56
ਅੱਖ ਚਿੜੇ ਦੀ ਚੁੰਝ ਚਿੜੇ ਦੀ 66
ਅਰਨ ਸਹੇ ਦੇ ਬਰਨ ਸਹੇ ਦੇ 67
ਅੱਖ ਚਿੜੀ ਦੀ ਪੂਛ ਕੁੱਤੇ ਦੀ 72
ਐਨੀ 'ਕ ਕੁਕੜੀ ਬਾਂਸੇ ਦੀ 73
ਆਲਾ ਕੌਡੀਆਂ ਵਾਲਾ 73
ਐਨੀ 'ਕ ਹੱਟੀ 73
ਐਨਾ 'ਕ ਆਲਾ 73
ਅੰਮਾਂ ਅੰਮਾਂ ਮੈਂ ਜਾਨਾਂ 74
ਅੱਠ ਮੇਰੀਆਂ ਰਾਣੀਆਂ 76
ਐਨਾ 'ਕੁ ਬੇਲੂਆ 77
ਐਤਨੀ 'ਕ ਟਾਂਡ ਕੋਠਾ ਭੋ ਦਾ 77
ਅੱਠ ਹੱਡੀਆਂ ਥੱਥਾ ਆਂਦਰਾਂ ਦਾ 79
ਆਦਾ ਆਦਾ ਆਦਾ 82
ਅੰਦਰ ਬੂਟੋ ਬਾਹਰ ਬੂਟੋ 84
ਆਰੋਂ ਲਿਆਂਦੀ ਵਢ ਕੇ 85
ਐਨੀ 'ਕ ਲਕੜੀ ਆਕੇ ਦੀ 86
ਆਲੇ ਦੁਆਲੇ ਠੀਕਰੀਆਂ ਦਾ ਬਾੜਾ 86
ਐਨੀ 'ਕੁ ਕੋਠੜੀ 87
ਅੰਦਰ ਜਾਵਾਂ ਬਾਹਰ ਜਾਵਾਂ 91
ਔਤਰਿਆਂ ਦੀ ਘੋੜੀ 92
ਅੰਨ੍ਹਾ ਝੋਟਾ ਵੱਟਾਂ ਢਾਉਂਦੇ 96
ਐਨੀ 'ਕ ਹਰਨੀ 96
ਆਰ ਡਾਂਗਾਂ ਪਾਰ ਡਾਂਗਾਂ 97
ਅੜੀਆਂ ਅੜੀਆਂ 102
ਐਤਨੀ 'ਕ ਲਕੜੀ 102
ਐਤਨੀ 'ਕ ਡੱਬੀ ਚੜ੍ਹਗੀ ਸਬੱਬੀ 102
ਐਨੀ 'ਕੁ ਤਰੀਆ ਤਰਦੀ ਜਾਏ 104
ਆਂਖਨ ਮੈਂ ਕਾਖਨ ਪਏ 107
ਐਨੀ 'ਕ ਲਕੜੀ 88
ਅੱਗ ਲੱਗੀ ਜਗਰਾਵੀਂ 116
ਐਨੀ 'ਕ ਛੋਕਰੀ 116
ਐਨਾ 'ਕ ਸਿਪਾਹੀ 117
ਆਜਾ ਭੂਆ ਬਹਿ ਜਾ 122
ਅਨਖ ਪਰ ਅਨਖ 126
ਅੱਕ ਵਿਚ ਢਕ ਜੰਮਿਆ 127
ਐਨਾ 'ਕ ਬਹਿੜਕਾ 127

(ੲ)

ਏਕ ਥਾਲ ਮੋਤੀ ਸੇ ਭਰਾ 35
ਏਕ ਨਾਰ ਨੇ ਅਚਰਜ ਕੀਆ 35
ਇਕ ਕੁੜੀ ਦੇ ਢਿੱਡ 'ਚ ਤੇੜ 38
ਇਕ ਬਾਤ ਕਰਤਾਰੋ ਪਾਵੇ 39
ਇਕ ਆਦਮੀ ਦੇ ਸੱਠ ਝੱਗੇ 40
ਇਕ ਦਰਖ਼ਤ ਕਲਕਤੇ 44

ਇਕ ਖੂਹ ਵਿਚ ਨੌਂ ਦਸ ਪਰੀਆਂ 51
ਇਕ ਦਰਖ਼ਤ ਦੇ ਪੱਤੇ 54
ਇਕ ਸਮੁੰਦਰ ਮੈਂ ਦੇਖਿਆ 56
ਇੰਨੀ 'ਕ ਰਾਈ 57
ਇਕ ਭੈਣ ਮੇਰੀ ਸਰਦੀ 61
ਇਤਨੀ ਮਿਤਨੀ ਜੌਂ ਜਿਤਨੀ 61
ਇਕ ਭੈਣ ਮੇਰੀ ਬੜੰਗੀ 62
ਇਕ ਜਨੌਰ ਅਸਲੀ 62
ਇਕ ਕਿਲੇ ਵਿਚ ਬੁਰਜ ਹਜ਼ਾਰ 66
ਇਕ ਡੱਬੇ ਵਿਚ ਬੱਤੀ ਦਾਣੇ 72
ਇਕ ਆਲੇ ਵਿਚ ਬੱਤੀ ਦਾਣੇ 72
ਇਕ ਮੇਰਾ ਭਾਈ ਮੇਘਾ 79
ਇਕ ਮੇਰਾ ਭਾਈ ਖਿਆਲੀ 80
ਇਕ ਸੀ ਰੰਨ 85
ਇਕ ਮਰਦ ਨੇ ਮਰਦ ਬਣਾਇਆ 88
ਇੰਨਾ 'ਕ ਤਿਲੀਅਰ ਤਰਦਾ ਜਾਏ 90
ਇਕ ਨਾਰ ਕਰਤਾਰੋ 91
ਇਕ ਕੁੜੀ ਦੋ ਢਿਡੀਆਂ 94
ਇਨੂੰ ਜਿਹਾ ਮਿਨੂੰ ਜਿਹਾ 95
ਇਕ ਜਨੌਰ ਐਸਾ 99
ਇਕ ਜਨਾਨੀ ਹੁੱਕਾ ਪੀਵੇ 99
ਇਕ ਅਚੰਭਾ ਦੇਖੋ ਚਲ 101
ਇਕ ਗਲ ਮੈਂ ਉਬੜ ਬਤਾਈ 106
ਇਲ੍ਹ ਬੋਲੇ ਆਹਲਣੇ 114
ਇਕ ਤੀਵੀਂ ਸੌ ਗੁਤ 120
ਇਕ ਮਰਦ ਸਿਰ ਪਗੜੀ ਸੋਹੇ 125

(ਸ)

ਸਾਕਾਂ ਦੇ ਘਰ ਸਾਕ ਆਏ 57
ਸਿਰੀ ਨਗਰ ਚੋਂ ਭਜਿਆ ਡਾਕੂ 60
ਸੋਨਾ ਹੈ ਸੁਨਾਰ ਨਹੀਂ 64
ਸੋਨੇ ਰੰਗੀ ਤਿਤਰ ਖੰਭੀ 65
ਸਵੇਰੇ ਸਵੇਰਾ ਲੱਕ ਬੰਨ੍ਹ ਕੇ 84
ਸੁੱਕਾ ਠੀਕਰ ਆਂਡੇ ਦੇਵੇ 89
ਸੁੱਕਾ ਦਰਖ਼ਤ ਆਂਡੇ ਦੇਵੇ 89
ਸੌਣ ਭਾਦੋਂ ਇਕ ਰੁੱਤ 94
ਸਈਓ ਨੀ ਇਕ ਆਲਾ ਡਿਠਾ 104
ਸੁਟ ਕੇ ਚੁੱਕਿਆ ਹੀ ਨਾਂ 117
ਸੂਈ ਜਿਡਾ ਦਰਖਤ 119
ਸੌਣ ਭਾਦੋਂ ਇਕ ਰੁੱਤ 119

(ਹ)

ਹਰੀ ਸੀ ਮਨ ਭਰੀ ਸੀ 38
ਹਰੀ ਹਰੀ ਲਾਲ ਲਾਲ 39
ਹਰੀ ਡੰਡੀ ਸੁਰਖ ਬਾਣਾ 40
ਹਰੀ ਡੰਡੀ ਸਬਜ਼ ਦਾਣਾ 41
ਹਰਾ ਫੁਲ ਮੁਢ ਕੇਸਰੀ 44
ਹਰਾ ਪਤ ਪੀਲਾ ਪੱਤ 47
ਹੱਥ 'ਕ ਟਾਂਡਾ 48
ਹੇਠਾਂ ਕਾਠ ਉਤੇ ਕਾਠ 50
ਹੀਲ ਹੀਲੀ ਹਲਦੀ ਵਰਗੀ ਪੀਲੀ 65
ਹਰੀ ਹਰੀ ਗੰਦਲ ਬੜੀਓ ਮਿਠੀ 71
ਹਨੇਰ ਘੁੱਪ ਹਨੇਰ ਘੁੱਪ 78
ਹੇਠਾਂ ਮਿੱਟੀ ਦਾ ਮਟੁੰਨ 80
ਹੱਥ 'ਕ ਲੰਬੀ ਹੱਥ ' ਚੌੜੀ 81
ਹਰਾ ਦੁਪੱਟਾ ਲਾਲ ਕਨਾਰੀ 111
ਹਰਾ ਦੁਪੱਟਾ ਸਬਜ਼ ਕਨਾਰੀ 111
ਹੇਠਾਂ ਗੰਗਾ ਉੱਤੇ ਬਸੰਤਰ ਜਲੇ 115
ਹਟੀਏਂ ਮਝ ਖੜੀ 116
ਹਰੀ ਭਰੀ ਡੋਰੀ 120
ਹਥ 'ਕ ਬਾਬਾ ਨੌਂ ਹਥ ਦਾਹੜੀ 126
ਹਾਬੜ ਦਾਬੜ ਪਈ ਕੁੜੇ 84
ਹਿਲਣਾ ਹਿਲਾਉਣਾ 84
ਹੂੰ ਹਾਂ ਨੀ ਹੂੰ ਹਾਂ 128

(ਕ)

ਕਾਲਾ ਸੀ ਕਲੱਤਰ ਸੀ 40
ਕਲਰ ਪਿਆ ਪਟਾਕਾ 49
ਕਾਲੀ ਤੌੜੀ ਲਾਲ ਗੱਪਾ 54
ਕੀੜੀ ਗਿਰੀ ਅਸਮਾਨ ਤੋਂ 55
ਕੌਲੀ ਤੇ ਕੌਲੀ 65
ਕਈ ਕੋਹਾਂ ਦੀ ਮੰਜ਼ਲ ਕਰੇ 68
ਕੱਚ ਦਾ ਟੋਭਾ 70
ਕੌਲ ਫੁਲ ਕੌਲ ਫੁਲ 71

ਕਾਲਾ ਕੌਂ ਕਲਟ ਦਾ 78
ਕੰਮ ਕਰਦੀ ਨੂੰ ਕਿਉਂ ਮਾਰਦੀ 80
ਕੰਧ 'ਚ ਖੁਰਪੀ 82
ਕੀਹਨੇ ਕੁੰਡਾ ਖੜਕਾਇਆ 86
ਕਾਠ ਦੀ ਸੰਦੂਕੜੀ ਵਿਚ ਤੋਤਾ ਬੋਲੇ 104
ਕਾਬਲ ਕੁਜਾ ਚਾੜਿਆ 105
ਕੁੱਕੋ ਰੰਗ ਮਜੀਠ ਦੇ 110
ਕੁਆਰੀ ਸਾਂ ਮੈਂ ਮਾਰੀ ਸਾਂ 118
ਕਥ ਪਾਵਾਂ ਕਥੋਲੀ ਪਾਵਾਂ 118
ਕਾਲੀ ਕੁੱਤੀ ਬਾੜ 'ਚ ਸੁੱਤੀ 119
ਕਾਲਾ ਕੁੱਤਾ ਬਾੜ 'ਚ ਸੁੱਤਾ 119
ਕਈ ਲਖੀਂ ਹਜ਼ਾਰੀ ਭੈਣਾਂ 119

(ਖ)

ਖੱਡ 'ਚ ਗੋਹ ਪੂਛ ਨੰਗੀ ਐ 84
ਖੜ ਖੜ ਮੰਜਾ ਲੇਫ ਤਲਾਈ 98
ਖਲ 'ਚ ਟਾਂਡਾ ਸਭਨਾ ਦਾ ਸਾਂਝਾ 116

(ਗ)

ਗੋਲ ਮੋਲ ਝਕਰੀ ਉਤੇ ਪੀਲਾ ਰੰਗ 41
ਗਭਰੂ ਜੁਆਨ ਮੁੰਡਾ ਕੌਤਕੀ 46
ਗੋਲ ਮੋਲ ਕੋਠੜੀ 64
ਗਿਣਤੀ ਮਾਰ ਗੜੀ 'ਚੋਂ ਨੱਚੇ 89
ਗਿਠ 'ਕ ਕੁੜੀ 89
ਗਡਿਆਣਾ ਟੋਭਾ ਗੋੜ ਗੱਪ 115

(ਘ)

ਘਾਹੂਆਣੇ ਘਾਹ ਚੁਗੇਂਦੀ 60
ਘੋੜ ਸੁਮੀਂ ਮ੍ਰਿਗ ਨੈਣੀ 68
ਘੁਮਾਰਾਂ ਵਾਲੀ ਛਪੜੀ 85
ਘੋੜਾ ਹੈ ਪਰ ਆਹ ਨਹੀਂ ਖਾਂਦਾ 99

(ਚ)

ਚੋਰ ਦੀ ਮਾਂ ਦਾ ਕੋਠੀ 'ਚ ਮੂੰਹ 54
ਚਾਰ ਭਾਈ ਮੇਰੇ ਸੋਹਣੇ ਸੋਹਣੇ 59
ਚਾਰ ਬੈਂਗਣ ਦੋ ਤੋਰੀਆਂ 59
ਚੋਣੇ ਵਾਲੀ ਖੂਹੀ 60
ਚੋਰ ਚੱਲੇ ਚੋਰੀ ਨੂੰ 63
ਚਿੱਟੀ ਮਸੀਤ ਬੂਹਾ ਕੋਈ ਨਾ 64
ਚਿੱਟੀ ਕੁਕੜੀ ਚਿੱਟੇ ਪੈਰ 75
ਚਿੱਟੀ ਮੁਰਗੀ ਚਿੱਟੇ ਆਂਡੇ 75
ਚਾਰ ਤੇਰੇ ਪਾਵੇ 76
ਚਾਰ ਸਪਾਹੀ ਚਾਰੇ ਬੰਨੇ 79
ਚੰਮ ਦੀ ਪੀਂਘ 87
ਚੰਦ ਸੁਰਜ ਦੀ ਹੋਈ ਲੜਾਈ 92
ਚਾਰ ਉਂਗਲਾਂ ਦਾ ਕੋਠਾ 93
ਚਾਰ ਉਂਗਲ ਦੀ ਲਕੜੀ 92
ਚਾਰ ਘੋੜੇ ਦੋ ਅਸਵਾਰ 96
ਚਿੱਟੇ ਚਿੱਟੇ ਕਪੜੇ 100
ਚੌਂਹ ਟੰਗੇ ਤੇ ਦੋ ਟੰਗਾ ਬੈਠਾ 107
ਚੰਨ ਚਾਨਣੀ ਰਾਤ 108
ਚੜ੍ਹ ਚੌਂਕੇ ਪਰ ਬੈਠੀ ਰਾਣੀ 115
ਚੰਮ ਨੂੰ ਚੰਮ ਦੱਬੇ 121
ਚਾਰ ਘੜੇ ਅੰਮ੍ਰਿਤ ਭਰੇ 121
ਚਾਰ ਘੜੇ ਦੁਧ ਭਰੇ 121
ਚਿੱਟੀ ਭੌਂ ਤਿਲਾਂ ਦੇ ਬੰਨੇ 124

(ਛ)

ਛੋਟਾ ਜਿਹਾ ਬਹਿੜਕਾ 47

(ਜ)

ਜੜ ਹਰੀ ਫੁਲ ਕੇਸਰੀ 44
ਜੀਹਨੂੰ ਮੈਂ ਗਈ ਓਹੀ ਮੈਨੂੰ ਪਿਆ 56
ਜੇ ਚਲਿਓਂ ਸ਼ਰੰਕਾਰ 64
ਜਦ ਸਾਂ ਮੈਂ ਭੋਲੀ ਭਾਲੀ 117
ਜਲ ਚੋਂ ਨਿਕਲੀ ਜਲ ਜਲੀ 118

(ਟ)

ਟੋਬੜੀ ਸੁਕਗੀ ਬੂਟੇ ਮਰਗੀ 77
ਟੋਏ ਟੋਏ ਬਖਾਰੇ 80

(ਠ)

ਠੰਡੇ ਬਿਸਤਰ ਵਿਛੇ ਪਏ 63
ਠੱਕ ਠੱਕ ਟੇਚੂ 125
ਠੀਕਰੀ ਪਰ ਠੀਕਰੀ 125

(ਡ)

ਡਿੰਗ ਪਵਿੰਗਾ ਰਾਹ 63

ਡੱਬ ਖੜੱਬੀ ਬੱਕਰੀ 78

(ਤ)

ਤੁਰਦਾ ਹੈ ਪਰ ਪੈਰ ਨਹੀਂ 57

ਤਿਲ੍ਹਕਣੀ ਤਲਵਾਰ 72

ਤੇਰੀ ਮਾਂ ਦੋ ਮੱਲਾਂ ਨਾਲ ਘੁਲਦੀ ਏ 81

ਤੇਰੀ ਮਾਂ ਨਾਲ ਮਲ ਘੁਲੇ 81

ਤਿੰਨ ਪਏ ਪੰਜ ਖੜੇ 88

ਤੇਰੀ ਮਾਂ ਭੱਜੀ ਫਿਰੇ 90

ਤੂੰ ਚਲ ਮੈਂ ਆਇਆ 90

ਤੇਰੀ ਮਾਂ ਦੀਆਂ ਖੂਹ 'ਚ ਲੱਤਾਂ 93

ਤੇਲੀ ਦਾ ਤੇਲ ਘੁਮਾਰ ਦਾ ਭਾਂਡਾ 116

ਤਿਉਂ ਡਲਿਆਂ ਤੇ ਹਰਨੀ ਬੈਠੀ 127

ਤਿੰਨ ਲਫ਼ਜ਼ਾਂ ਦਾ ਦੇਸ਼ ਹਾਂ 129

(ਥ)

ਥਾਲੀ ਭਰੀ ਰੁਪਿਆਂ ਦੀ 03

ਥਲ ਥਲ ਹੈਗਾ 66

ਥੜੇ ਤੇ ਥੜਾ 77

ਥਮਲੇ ਉਤੇ ਬੰਗਲਾ ਬਣਾਇਆ 86

(ਦ)

ਦਖਾਣੀ 39

ਦਰਜੀ ਨੇ ਚਰਜ ਕੀਤਾ 63

ਦੋ ਸਿੰਗ ਹਿਲਦੇ ਜਾਣ 69

ਦੋ ਕਬੂਤਰ ਜੱਕਾ ਜੋੜੀ 70

ਦੋ ਬਾਹਮਣਾਂ ਦੀ ਇਕੋ ਬੋਦੀ 83

ਦੁਬਲੀ ਪਤਲੀ ਗੁਣ ਭਰੀ 90

ਦਸਾਂ ਜਾਣਿਆਂ ਨੇ ਵਿਆਹ ਕੇ 95

ਦੋ ਕੁੜੀਆਂ ਕਾਠ ਵਿਚ ਜੜੀਆਂ 101

ਦੇਖੀਂ ਵੇ ਛਿਛੜ ਕੰਨਿਆਂ 112

ਦੋ ਆਰ ਦੀਆਂ ਦੋ ਪਾਰ ਦੀਆਂ 114

ਦਰਿਆ ਉਤੇ ਇਲ ਬਹੇਠੀ 128

(ਧ)

ਧਰ ਹਿਲੇ ਧਰ ਦਾ ਹਿਲੇ ਪੀੜ 90

(ਨ)

ਨਿੱਕਾ ਜਿਹਾ ਬਹਿੜਕਾ 47

ਨੀਲੀ ਟਾਕੀ ਦੋ ਕਨਾਰੇ 52

ਨੀਲੀ ਟਾਕੀ ਚਾਵਲ ਬਧੇ 53

ਨੀ ਗਿਆ ਨੀ 78

ਨਿੱਕੀ ਜਹੀ ਛੋਕਰੀ 81

ਨਾਗੀ ਨਾਗੀ ਨਾਗੀ 83

ਨਿੱਕੀ ਜਹੀ ਕੁੜੀ 89

ਨਿੱਕਾ ਜਿਹਾ ਕਾਕਾ 91

ਨਿੱਕੀ ਜਹੀ ਬਕਰੀ 94

ਨਿੱਕੀ ਜਹੀ ਘੜੀ 95

ਨਿੱਕਾ ਜਿਹਾ ਪਿਦੂ 96

ਨਿੱਕੇ ਨਿੱਕੇ ਟੋਟਰੇ 99

ਨਿੱਕਾ ਜਿਹਾ ਗਲਾਸ 101

ਨਾ ਉਹ ਹਿਲੇ 103

ਨਾ ਬੋਲ ਸਕਣ ਨਾ ਸੁਣ ਸਕਣ 103

ਨਿਤ ਉਹ ਕਰੇ ਪੁਕਾਰ 103

ਨਾ ਹਿਲੇ ਨਾ ਜੁਲੇ 122

ਨਿਕੀਆਂ ਨਿਕੀਆਂ ਕਿਆਰੀਆਂ 123

ਨਕ ਵਢ ਮੂੰਹ ਕਾਲਾ ਕਰਦੀ 128

(ਪ)

ਪੰਜ ਕੋਹ ਪਟੜੀ 48

ਪਾਰੋਂ ਆਏ ਦੋ ਅੰਗਰੇਜ਼ 52

ਪਾਰੋਂ ਆਇਆ ਬਾਬਾ ਲੋਧੀ 83

ਪਹਿਲਾਂ ਜੰਮੀਂ ਮੈਂ 87

ਪਿਪਲ ਦੁਸਗੀਆ 115

ਪਾਲੇ ਪਾਲ ਬਛੇ ਬੰਨ੍ਹੇ 117

ਪੱਥਰ ਪਰ ਪੱਥਰ 121

ਪੰਜਾਂ ਜਣਿਆਂ ਭਰੀ ਚਕਾਈ 122

ਪੰਜਾਂ ਭਾਈਆਂ ਨੇ ਪੰਡ ਚੁਕਾਈ 121

ਪਾਰੋਂ ਲਿਆਂਦੀ ਵਢਕੇ 123

ਪੈਰ ਕਟੋ ਤਾਂ ਛੁਟੀ ਹੋਵੇ 126

(ਬ)

| | |
|---|---|
| ਬੀਜੇ ਲੋੜ ਜੰਮੇ ਝਾੜ | 38 |
| ਬਾਹਰੋਂ ਆਏ ਦੋ ਮਲੰਗ | 41 |
| ਬਾਹਰੋਂ ਆਏ ਚਾਰ ਮਲੰਗ | 41 |
| ਬਾਤ ਦੀ ਬਤੇਈ | 41 |
| ਬਹੂ ਆਈ ਆਪੇ | 42, 87 |
| ਬਾਤ ਪਾਵਾਂ ਬਤੋਲੀ ਪਵਾਂ | 46 |
| ਬਾਰਾਂ ਬੈਂਗਣ ਠਾਰਾ ਠੈਂਗਣ | 60 |
| ਬਾਰਾਂ ਪਗ ਛੇ ਢੋਹਣੀਆਂ | 67 |
| ਬਾਹਰੋਂ ਆਇਆ ਬਾਬਾ ਲਸ਼ਕਰੀ | 72 |
| ਬਤੀ ਟਾਹਲੇ ਇਕ ਪੱਤ | 73 |
| ਬਾਲ ਦਿਓ ਤਾਂ ਸਭ ਨੂੰ ਭਾਵੇ | 76 |
| ਬਾਹਰੋਂ ਆਏ ਭੀੜ ਪਖ | 83 |
| ਬਾਂਦਰ ਬੈਠਾ ਅੱਧ ਅਸਮਾਂ | 91 |
| ਬਾਪੂ ਦੇ ਕੰਨ 'ਚ ਬੇਬੇ ਬੜਗੀ | 92 |
| ਬਾਹਰੋਂ ਆਇਆ ਕਰਮੂ | 97 |
| ਬਾਤ ਪਾਵਾਂ ਘਊ ਦੀ | 97 |
| ਬਾਰਾਂ ਕੁਛੜ ਬਾਰਾ ਪੇਟ | 100 |
| ਬਣ ਵਿਚ ਵੱਢੀ | 100 |
| ਬਿੰਗ ਤਲਿੰਗੀ ਲਕੜੀ | 102 |
| ਬਾਬੇ ਦਾ ਬੋਕ | 105 |
| ਬਾਤ ਪਾਵਾਂ ਪਾਈ ਨਾ ਜਾਏ | 111 |
| ਬਣ ਹਿਲੇ ਬਰੋਟਾ ਹਿਲੇ | 117 |
| ਬਾਤ ਪਾਵਾਂ ਪਾ ਵੀ ਲਈ | 120 |
| ਬਾਹਰੋਂ ਲਿਆਂਦੀ ਵਢ ਕੇ | 123 |
| ਬਰੀਕ ਜਹੀ ਇਕ ਲੱਤ ਏ ਮੇਰੀ | 128 |

(ਭ)

| | |
|---|---|
| ਭੱਜੀ ਜਾਂਦੀ ਕਿਰਮਚੀ | 72 |
| ਭੁਬਲ ਵਿਚ ਦੰਦਈਆ ਨੱਚੇ | 95 |
| ਭਲੀ ਹੋਈ ਤੂੰ ਮਰ ਗਿਆ | 109 |
| ਭੈਣੋਂ ਭੈਣ ਛਤੀਹਸ ਲੱਗੇ | 129 |

(ਮ)

| | |
|---|---|
| ਮਾਂ ਜੰਮੀਂ ਪਹਿਲਾਂ | 37 |
| ਮਾਂ ਲੀਰਾਂ ਕਚੀਰਾਂ | 42 |
| ਮੂੰਹ ਬੰਦ ਢਿਡ ਵਿਚ ਦੰਦ | 50 |
| ਮੁਢ ਮੁਢੇਲਾ | 57 |
| ਮਾਂ ਜੰਮੀਂ ਨਾ ਜੰਮੀਂ | 58 |
| ਮੂੰਹ ਲਾਲ ਪਿੰਡਾ ਜਰਦੀ | 61 |
| ਮੈਂਹ ਸੂ ਪੀ ਕੱਟੀ ਬੱਕੋਂਦੀ | 64 |
| ਮੈਂ ਲਿਆਂਦੀ ਮੱਝ | 68 |
| ਮੰਜੇ ਤੇ ਪਏ ਦੋ | 82 |
| ਮਾਂ ਪਤਲੀ ਪਤੰਗ | 85 |
| ਮੈਂ ਲੈਣ ਆਈ ਸਾਂ ਤੈਨੂੰ | 111 |
| ਮਾਸੜ ਚੁੱਕੇ ਮਾਸੀ ਨੂੰ | 126 |

(ਰ)

| | |
|---|---|
| ਰੜੇ ਮੈਦਾਨ ਚੂਹਾ ਲੇਟੇ | 42 |
| ਰੜੇ ਮੈਦਾਨ ਸ਼ੀਂਹ ਡਿਠਾ | 45 |
| ਰੜੇ ਮੈਦਾਨ ਵਿਚ ਬੁੜ੍ਹੀ | 46 |
| ਰੜੇ ਮੈਦਾਨ ਵਿਚ ਡਾਂਗਾਂ | 54 |
| ਰਾਜੇ ਦੇ ਰਾਜ 'ਚ ਨਹੀਂ | 55 |
| ਰੱਬ ਦੇ ਸਬੱਬ ਹੇਠਾਂ ਪਾਣੀ | 116 |
| ਰੜੇ ਮੈਦਾਨ ਵਿਚ ਪਿਆ ਡੱਬਾ | 76, 117 |
| ਰੜੇ ਮੈਦਾਨ ਵਿਚ ਝੋਟਾ | 122 |

(ਲ)

| | |
|---|---|
| ਲਾਲ ਸੂਹੀ ਪੋਟਲੀ ਮੈਂ ਵੇਖ | 40 |
| ਲਕੜੀ ਤੇ ਟੋਪੀ | 48 |
| ਲਾਲ ਜ਼ਮੀਨ ਹਲ ਰੋਂਹ ਦਾ | 127 |

(ਵ)

| | |
|---|---|
| ਵੇ ਲੁੜਕਦਾ | 42 |
| ਵਿੰਗ ਤੜਿੰਗੀ ਲਕੜੀ | 45 |
| ਵੇਖੋ ਯਾਰੋ ਕਟੋਰੇ ਵਿਚ ਕਟੋਰਾ | 50 |
| ਵਿਚ ਅਸਮਾਨੀ ਉਡਦੀ ਜਾਵਾਂ | 57 |
| ਵਿਚਾਲੇ ਬੀਜੀ ਗੱਭਿਓਂ ਵੱਢੀ | 82 |


◆◆◆

# ਅੰਤਿਕਾ - 1

## ਜੀਵਨ ਬਿਉਰਾ ਲੇਖਕ

| | | |
|---|---|---|
| ਨਾਂ | : | ਸੁਖਦੇਵ ਮਾਦਪੁਰੀ |
| ਜਨਮ | : | 12 ਜੂਨ, 1935 |
| ਜਨਮ ਸਥਾਨ | : | ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ |
| ਮਾਪੇ | : | ਸ. ਦਿਆ ਸਿੰਘ (ਪਿਤਾ), ਬੇਬੇ ਸੁਰਜੀਤ ਕੌਰ (ਮਾਤਾ) |
| ਸਥਾਈ ਪਤਾ | : | ਸਮਾਧੀ ਰੋਡ, ਖੰਨਾ, ਜ਼ਿਲ੍ਹਾ ਲੁਧਿਆਣਾ (ਪੰਜਾਬ) 141401,<br>ਮੋਬਾ : 94630-34472 |
| ਵਿੱਦਿਆ | : | ਐਮ. ਏ. (ਪੰਜਾਬੀ) |
| ਕਾਰਜ ਖੇਤਰ | : | ਅਧਿਆਪਨ ਸਿੱਖਿਆ ਵਿਭਾਗ ਪੰਜਾਬ 19 ਮਈ 1954 ਤੋਂ<br>31 ਜਨਵਰੀ 1978 |
| ਅਕਾਦਮਕ | : | 1. ਬਤੌਰ ਵਿਸ਼ਾ ਮਾਹਰ ਪੰਜਾਬੀ-ਪੰਜਾਬ ਸਕੂਲ ਸਿੱਖਿਆ ਬੋਰਡ (1-2-1978 ਤੋਂ 31-3-1980)<br>2. ਬਤੌਰ ਸੰਪਾਦਕ 'ਪੰਖੜੀਆਂ' ਤੇ 'ਪ੍ਰਾਇਮਰੀ ਸਿੱਖਿਆ' (ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਲ ਰਸਲੇ),<br>ਅਪ੍ਰੈਲ 1980 ਤੋਂ 30 ਜੂਨ, 1993)<br>3. ਬਤੌਰ ਸਹਾਇਕ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ, ਸੇਵਾ ਮੁਕਤ<br>4. ਸੰਚਾਲਕ, ਪੰਜਾਬੀ ਬਾਲ ਸਾਹਿਤ ਪ੍ਰਾਜੈਕਟ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ)<br>1-7-1993 ਤੋਂ 31-12-1996 ਤੱਕ |
| ਹੋਰ ਜ਼ੁੰਮੇਵਾਰੀਆਂ | : | 1. ਮੈਂਬਰ ਰਾਜ ਸਲਾਹਕਾਰ ਬੋਰਡ, ਭਾਸ਼ਾ ਵਿਭਾਗ, ਪੰਜਾਬ<br>2. ਮੈਂਬਰ ਪ੍ਰੋਗਰਾਮ ਸਲਾਹਕਾਰ ਕਮੇਟੀ, ਅਕਾਸਬਾਣੀ, ਜਲੰਧਰ<br>3. ਮੈਂਬਰ ਔਡੀਸ਼ਨ ਕਮੇਟੀ, ਫੋਕ ਮਿਊਜ਼ਿਕ, ਅਕਾਸ਼ਬਾਣੀ, ਜਲੰਧਰ |
| ਵਿਸ਼ੇਸ਼ ਕਾਰਜ ਖੇਤਰ | : | 1. ਪੰਜਾਬੀ ਲੋਕ ਸਾਹਿਤ ਅਤੇ ਬਾਲ ਸਾਹਿਤ<br>2. ਪੰਜਾਬੀ ਲੋਕ ਸਾਹਿਤ ਸਭਿਆਚਾਰ ਅਤੇ ਬਾਲ ਸਾਹਿਤ ਬਾਰੇ ਕਈ ਦਰਜਨ ਖੋਜ ਪੱਤਰ ਪੰਜਾਬੀ ਦੇ ਪ੍ਰਮੁੱਖ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਤਿੰਨ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ। |

# ਅੰਤਿਕਾ - 2

## ਸਾਹਿਤਕ ਖੇਤਰ ਵਿਚ ਪ੍ਰਾਪਤ ਪੁਰਸਕਾਰ

1. **'ਤ੍ਰਿਲੋਚਨ ਸਿੰਘ ਭਾਟੀਆ ਪੁਰਸਕਾਰ'** (ਬਾਲ ਸਾਹਿਤ) 1995, ਪੰਜਾਬੀ ਸੱਥ ਲਾਂਬੜਾ
2. **'ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ'** (1995), ਪੰਜਾਬ ਸਰਕਾਰ
3. **'ਸੁਰਜੀਤ ਰਾਮਪੁਰੀ ਪੁਰਸਕਾਰ'** (2003), ਪੰਜਾਬੀ ਲਿਖਾਰੀ ਸਭਾ, ਰਾਮਪੁਰ
4. **'ਦੇਵਿੰਦਰ ਸਤਿਆਰਥੀ ਪੁਰਸਕਾਰ'** (2008), ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਲੁਧਿਆਣਾ
5. **'ਕਰਤਾਰ ਸਿੰਘ ਧਾਲੀਵਾਲ ਪੁਰਸਕਾਰ'** (2006), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
6. **'ਕੌਮਾਂਤਰੀ ਮਨਜੀਤ ਯਾਦਗਾਰੀ ਅਵਾਰਡ'** (2010), ਇੰਟਰਨੈਸ਼ਨਲ ਲਿਟਰੇਰੀ ਟਰੱਸਟ, ਕੈਨੇਡਾ
7. **'ਸੰਤ ਅਤਰ ਸਿੰਘ ਘੁੰਨਸ ਯਾਦਗਾਰੀ ਅਵਾਰਡ'** (2014), ਸੰਤ ਅਤਰ ਸਿੰਘ ਘੁੰਨਸ ਸਾਹਿਤਕ ਟਰੱਸਟ, ਘੁੰਨਸ (ਬਰਨਾਲਾ)
8. **ਸਾਹਿਤ ਅਕਾਦਮੀ ਪੁਰਸਕਾਰ** (2015), ਸਾਹਿਤ ਅਕਾਦਮੀ, ਦਿੱਲੀ।

### ਸਰਬੋਤਮ ਪੁਸਤਕ ਪੁਰਸਕਾਰ

1. **'ਸਰਵੋਤਮ ਪੁਸਤਕ ਪੁਰਸਕਾਰ'** (1979), ਭਾਸ਼ਾ ਵਿਭਾਗ ਪੰਜਾਬ, ਪੁਸਤਕ 'ਪੰਜਾਬੀ ਬੁਝਾਰਤਾਂ।'
2. **'ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ'** (1991), ਭਾਸ਼ਾ ਵਿਭਾਗ, ਪੰਜਾਬ, ਪੁਸਤਕ 'ਭਾਰਤੀ ਲੋਕ ਕਹਾਣੀਆਂ।'
3. **'ਐਮ.ਐਸ. ਰੰਧਾਵਾ ਪੁਰਸਕਾਰ'** (2005), ਭਾਸ਼ਾ ਵਿਭਾਗ, ਪੰਜਾਬ, ਪੁਸਤਕ 'ਮਹਿਕ ਪੰਜਾਬ ਦੀ।'
4. **'ਪ੍ਰਿੰ. ਤੇਜਾ ਸਿੰਘ ਪੁਰਸਕਾਰ'** (2009), ਭਾਸ਼ਾ ਵਿਭਾਗ, ਪੰਜਾਬ, ਪੁਸਤਕ 'ਸ਼ਾਵਾ ਨੀ ਬੰਬੀਹਾ ਬੋਲੇ।'
5. **'ਪ੍ਰਿੰ. ਤੇਜਾ ਸਿੰਘ ਪੁਰਸਕਾਰ'** (2011), ਭਾਸ਼ਾ ਵਿਭਾਗ, ਪੰਜਾਬ, ਪੁਸਤਕ 'ਕੱਲਰ ਦੀਵਾ ਮੱਚਦਾ।'
6. **'ਐਮ.ਐਸ. ਰੰਧਾਵਾ ਪੁਰਸਕਾਰ'** (2013), ਭਾਸ਼ਾ ਵਿਭਾਗ, ਪੰਜਾਬ, ਪੁਸਤਕ 'ਲੋਕ ਗੀਤਾਂ ਦੀਆਂ ਕੂਲ੍ਹਾਂ-ਸ਼ਗਨਾਂ ਦੇ ਗੀਤ।'

To Read/Listen books

Punjabi books/ stories
like this visit
www.PunjabiLibrary.com
https://www.youtube.com/c/PunjabiLibrary

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

Punjabi Library
YouTube
Channel
www.PunjabiLibrary.com



ਲੋਕ ਗੀਤ, ਲੋਕ ਕਹਾਣੀਆਂ ਤੇ ਬੁਝਾਰਤਾਂ ਸਾਹਿਤ ਅਤੇ ਸਮਾਜ ਦੇ ਆਰੰਭਕ ਵਿਕਾਸ ਦੀ ਤਸਵੀਰ ਸਾਡੀਆਂ ਅੱਖਾਂ ਸਾਹਮਣੇ ਲੈ ਆਉਂਦੀਆਂ ਹਨ।

ਨਵੇਂ ਯੁੱਗ ਦੇ ਨਵੇਂ ਸਾਹਿਤਕ ਰੂਪਾਂ ਦੀ ਚਟਕ ਮਟਕ ਨੇ ਕੁਝ ਚਿਰ ਤਾਂ ਪੁਰਾਣੇ ਆਰੰਭਕ ਸਾਹਿਤਕ ਰੂਪਾਂ ਵੱਲੋਂ ਲੋਕਾਂ ਦਾ ਧਿਆਨ ਇਸੇ ਤਰ੍ਹਾਂ ਮੋੜ ਲਿਆ ਸੀ ਜਿਵੇਂ ਸਿਨਮੇ ਨੇ ਥੀਏਟਰਾਂ ਵੱਲੋਂ। ਪਰ ਦੇਸ਼ ਨੂੰ ਆਜ਼ਾਦੀ ਮਿਲਣ ਮਗਰੋਂ ਸਾਹਿਤਕਾਰਾਂ ਤੇ ਖੋਜੀਆਂ ਨੇ ਆਪਨੇ ਇਸ ਪੁਰਾਣੇ ਵਿਰਸੇ ਤੇ ਸਾਹਿਤ ਖਜ਼ਾਨੇ ਨੂੰ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ। ਲੋਕ ਗੀਤਾਂ ਸੰਬੰਧੀ ਤਾਂ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਪਰ ਲੋਕ ਬੁਝਾਰਤਾਂ ਦੀ ਇਹ ਪਹਿਲੀ ਪੁਸਤਕ ਮੇਰੀ ਨਜ਼ਰੀਂ ਪਈ ਹੈ।

ਸੁਖਦੇਵ ਮਾਦਪੁਰੀ ਨੇ ਸੈਂਕੜੇ ਬੁਝਾਰਤਾਂ ਨੂੰ ਇਕੱਤਰ ਕਰਕੇ ਬੜੀ ਸੁੰਦਰ ਤੇ ਸੁਚੱਜੀ ਤਰਤੀਬ ਨਾਲ ਉਨ੍ਹਾਂ ਨੂੰ ਨਿਖੇੜ ਕੇ ਮਹਾਨਤਾ ਦਰਸਾਉਂਦਿਆਂ ਹੋਇਆਂ ਸੰਪਾਦਨ ਕੀਤਾ ਹੈ।

ਲੋਕ ਬੁਝਾਰਤਾਂ ਭਾਵੇਂ ਬੁੱਧੀ ਪ੍ਰਧਾਨ ਤੇ ਗੁੰਝਲਦਾਰ ਵੀ ਹੁੰਦੀਆਂ ਹਨ ਪਰ ਕਿਤਨੀਆਂ ਸੁੰਦਰ, ਮਨੋਰੰਜਕ ਤੇ ਰਸ ਭਰਪੂਰ ਹੁੰਦੀਆਂ ਹਨ, ਇਹ ਗੱਲ ਇਸ ਪੁਸਤਕ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਪਤਾ ਲੱਗ ਜਾਂਦੀ ਹੈ।

ਮੇਰੀ ਦਿਲੀ ਇੱਛਾ ਹੈ ਕਿ ਸੁਖਦੇਵ ਮਾਦਪੁਰੀ ਦਾ ਇਹ ਸ਼ੁਭ ਯਤਨ ਸਫ਼ਲ ਹੋਵੇ। ਇਸ ਭੁਲਦੇ ਜਾ ਰਹੇ ਪੁਰਾਣੇ ਆਰੰਭਕ ਸਾਹਿਤ-ਰੂਪ ਦੀ ਇਤਿਹਾਸਕ ਮਹਾਨਤਾ ਵੱਲ ਸਾਹਿਤ ਰਸੀਆਂ ਦਾ ਧਿਆਨ ਖਿੱਚਿਆ ਜਾਵੇ।

ਗਿਆਨੀ ਹੀਰਾ ਸਿੰਘ ਦਰਦ

ਲਾਹੌਰ ਬੁੱਕ ਸ਼ਾਪ
ਲੁਧਿਆਣਾ

ISBN : 9789387765306
978- 93- 87765- 30- 6